14-APRIL-PAGE-1.qxd 4/13/2024 9:16 PM Page 1

ਐਤਵਾਰ, 14 ਅਪ੍ਰੈਲ, 2024
2 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 314

ਨਵਾਂ ਜ਼ਮਾਨਾ

DAILY NAWAN ZAMANA • SUNDAY, 14 APRIL, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 12+6=18

ਬੱਸ 'ਚੋਂ ਲਾਹ ਕੇ 9 ਮਾਰੇ

ਕਰਾਚੀ : ਪਾਕਿਸਤਾਨ ਦੇ ਬਲੋਚਿਸਤਾਨ ਸੂਬੇ 'ਚ ਅਣਪਛਾਤੇ ਦਹਿਸ਼ਤਗਰਦਾਂ ਨੇ 9 ਬੱਸ ਯਾਤਰੀਆਂ ਸਮੇਤ 11 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਨੋਸਕੀ ਜ਼ਿਲ੍ਹੇ 'ਚ ਹਾਈਵੇਅ 'ਤੇ ਬੱਸ ਨੂੰ ਰੋਕ ਕੇ ਪਛਾਣ ਕਰਕੇ 9 ਯਾਤਰੀਆਂ ਨੂੰ ਅਗਵਾ ਕਰ ਲਿਆ। ਬਾਅਦ ਵਿਚ ਇਨ੍ਹਾਂ ਦੀਆਂ ਪਹਾੜੀ ਖੇਤਰ 'ਚ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮਿਲੀਆਂ। ਬੱਸ ਕੋਇਟਾ ਤੋਂ ਤਫਤਾਨ ਜਾ ਰਹੀ ਸੀ। ਦਹਿਸ਼ਤਗਰਦਾਂ ਨੇ ਇਸੇ ਹਾਈਵੇਅ 'ਤੇ ਕਾਰ 'ਤੇ ਗੋਲੀਬਾਰੀ ਕਰਕੇ 2 ਲੋਕਾਂ ਨੂੰ ਮਾਰ ਦਿੱਤਾ ਤੇ 2 ਨੂੰ ਜ਼ਖਮੀ ਕਰ ਦਿੱਤਾ।

ਸੁਰੰਗ ਧਮਾਕੇ 'ਚ 3 ਬੱਚਿਆਂ ਦੀ ਮੌਤ

ਪੇਸ਼ਾਵਰ : ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ 'ਚ ਬਾਰੂਦੀ ਸੁਰੰਗ ਧਮਾਕੇ ਕਾਰਨ 3 ਬੱਚਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਘਟਨਾ ਕਬਾਇਲੀ ਦੱਖਣੀ ਵਜ਼ੀਰਿਸਤਾਨ ਜ਼ਿਲ੍ਹੇ ਦੇ ਵਾਨਾ ਕਸਬੇ 'ਚ ਵਾਪਰੀ ਜਦੋਂ ਬੱਚੇ ਮੰਡੋਕਾਈ ਇਲਾਕੇ 'ਚ ਵਾਲੀਬਾਲ ਮੈਚ ਦੇਖਣ ਜਾ ਰਹੇ ਸਨ।

ਕਸ਼ਮੀਰ 'ਚ ਦੋ ਸੈਲਾਨੀਆਂ ਦੀ ਮੌਤ

ਸ੍ਰੀਨਗਰ : ਕਸ਼ਮੀਰ 'ਚ ਸ਼ਨੀਵਾਰ ਦੋ ਸੈਲਾਨੀਆਂ ਦੀ ਮੌਤ ਹੋ ਗਈ। ਅਮਰੀਕੀ ਸੈਲਾਨੀ ਲਾਨਾ ਮੈਰੀ ਸੋਨਮਰਗ ਪਹਾੜੀ ਸਟੇਸ਼ਨ ਦੇ ਹੋਟਲ 'ਚ ਬਿਮਾਰ ਹੋ ਗਈ। ਉਸ ਨੂੰ ਪ੍ਰਾਇਮਰੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮਰ ਚੁੱਕੀ ਦੱਸਿਆ। 63 ਸਾਲਾ ਗੁਜਰਾਤੀ ਸੈਲਾਨੀ ਵਾਂਗੀਕਰ ਅਨਘਾ ਪਹਿਲਗਾਮ ਟੂਰਿਸਟ ਰਿਜ਼ਾਰਟ 'ਚ ਹੋਟਲ ਦੇ ਅੰਦਰ ਬੇਹੋਸ਼ ਹੋ ਕੇ ਡਿੱਗ ਪਿਆ। ਹਸਪਤਾਲ ਲਿਜਾਣ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

ਇਕ ਕਰੋੜ ਨੌਕਰੀਆਂ ਦਾ ਵਾਅਦਾ

ਪਟਨਾ : ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨੇ ਸ਼ਨੀਵਾਰ ਲੋਕ ਸਭਾ ਚੋਣਾਂ ਲਈ ਆਪਣੀ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਕਿਹਾ ਕਿ ਜੇ ਵਿਰੋਧੀ ਗਠਜੋੜ 'ਇੰਡੀਆ' ਸਰਕਾਰ ਬਣਾਉਂਦਾ ਹੈ ਤਾਂ ਦੇਸ਼-ਭਰ 'ਚ ਇਕ ਕਰੋੜ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ।

ਗੋਪੀ ਪੁਲਾੜ 'ਚ ਜਾਵੇਗਾ

ਵਾਸ਼ਿੰਗਟਨ : ਭਾਰਤੀ ਮੂਲ ਦਾ ਕਾਰੋਬਾਰੀ ਤੇ ਪਾਇਲਟ ਗੋਪੀ ਥੋਟਾਕੁਰਾ ਐਮਾਜ਼ੋਨ ਦੇ ਬਾਨੀ ਜੈੱਫ ਬੇਜੋਸ ਦੇ ਬਲੂ ਓਰੀਜਿਨ ਦੇ ਐੱਨ ਐੱਸ-25 ਮਿਸ਼ਨ 'ਚ ਸੈਲਾਨੀ ਵਜੋਂ ਪੁਲਾੜ 'ਚ ਜਾਏਗਾ। ਥੋਟਾਕੁਰਾ ਮਿਸ਼ਨ ਲਈ ਚੁਣੇ ਛੇ ਮੈਂਬਰਾਂ ਵਿੱਚੋਂ ਇੱਕ ਹੈ। ਇਸ ਤੋਂ ਪਹਿਲਾਂ 1984 'ਚ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਪੁਲਾੜ 'ਚ ਗਏ ਸਨ, ਜਦ ਕਿ ਗੋਪੀ ਸੈਰਸਪਾਟੇ ਲਈ ਜਾਣ ਵਾਲਾ ਪਹਿਲਾ ਭਾਰਤੀ ਹੈ। ਉਡਾਣ ਦੀ ਮਿਤੀ ਦਾ ਐਲਾਨ ਹਾਲੇ ਨਹੀਂ ਹੋਇਆ।

ਸਿਡਨੀ ਦੇ ਮਾਲ 'ਚ 6 ਕਤਲ

ਸਿਡਨੀ : ਇੱਥੇ ਇਕ ਸ਼ਾਪਿੰਗ ਸੈਂਟਰ 'ਚ ਸ਼ਨੀਵਾਰ ਚਾਕੂ ਨਾਲ ਹਮਲੇ ਵਿਚ 6 ਵਿਅਕਤੀਆਂ ਦੀ ਮੌਤ ਹੋ ਗਈ ਤੇ ਬੱਚੇ ਸਮੇਤ ਕਈ ਵਿਅਕਤੀ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਚਾਕੂ ਨਾਲ ਹਮਲਾ ਕੀਤਾ ਅਤੇ ਮਹਿਲਾ ਪੁਲਸ ਇੰਸਪੈਕਟਰ ਨੇ ਉਸ ਨੂੰ ਗੋਲੀ ਮਾਰ ਦਿੱਤੀ। ਹਮਲਾ ਕਰਨ ਪਿੱਛੇ ਮਕਸਦ ਦਾ ਪਤਾ ਨਹੀਂ ਲੱਗਿਆ।

ਇਕ ਹੋਰ ਮੁਲਜ਼ਮ ਗ੍ਰਿਫ਼ਤਾਰ

ਰੁਦਰਪੁਰ : ਉੱਤਰਾਖੰਡ ਦੇ ਨਾਨਕਮੱਤਾ 'ਚ ਡੇਰਾ ਕਾਰਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੀ ਹੱਤਿਆ 'ਚ ਫਰਾਰ ਚੱਲ ਰਹੇ ਮੁਲਜ਼ਮਾਂ 'ਚੋਂ ਸਤਨਾਮ ਸਿੰਘ ਨੂੰ ਪੁਲਸ ਨੇ ਲਖੀਮਪੁਰ ਖੀਰੀ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਹਰਿਆਣਾ ਗਈ ਟੀਮ ਦੂਜੇ ਸਾਜ਼ਿਸ਼ਘਾੜੇ ਸੁਲਤਾਨ ਸਿੰਘ ਦੇ ਨੇੜੇ ਪੁੱਜ ਚੁੱਕੀ ਦੱਸੀ ਜਾਂਦੀ ਹੈ।

ਥਾਣੇਦਾਰ ਗੱਬਰ ਸਿੰਘ ਦੀ ਗੱਡੀ 'ਤੇ ਫਾਇਰਿੰਗ

ਰੋਪੜ : ਮੁਹਾਲੀ ਦੇ ਮਟੌਰ ਥਾਣੇ ਦੇ ਐੱਸ ਐੱਚ ਓ ਗੱਬਰ ਸਿੰਘ ਉੱਤੇ ਵੀਰਵਾਰ ਰਾਤ ਕਰੀਬ 11 ਵਜੇ ਅਣਪਛਾਤਿਆਂ ਨੇ ਗੋਲੀਆਂ ਚਲਾ ਦਿੱਤੀਆਂ, ਪਰ ਉਹ ਵਾਲ-ਵਾਲ ਬਚ ਗਏ। ਕੁਰਾਲੀ-ਮੋਰਿੰਡਾ ਰੋਡ 'ਤੇ ਪਿੰਡ ਧਿਆਨਪੁਰਾ ਨੇੜੇ ਉਨ੍ਹਾ ਦੀ ਸਕਾਰਪੀਓ 'ਤੇ ਫਾਇਰਿੰਗ ਕੀਤੀ ਗਈ। ਜਾਨ ਨੂੰ ਖਤਰੇ ਕਾਰਨ ਉਨ੍ਹਾ ਨੂੰ ਬੁਲੇਟ ਪਰੂਫ ਗੱਡੀ ਮੁਹੱਈਆ ਕਰਵਾਈ ਗਈ ਹੈ। ਰੋਪੜ ਦੇ ਐੱਸ ਐੱਸ ਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਇਕ ਗੋਲੀ ਗੱਡੀ ਦੀ ਖਿੜਕੀ 'ਤੇ ਲੱਗੀ। ਥਾਣਾ ਭਗਵੰਤਪੁਰਾ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਗੱਬਰ ਸਿੰਘ ਨੂੰ ਗੈਂਗਸਟਰਾਂ ਸਮੇਤ ਅਪਰਾਧੀਆਂ ਤੋਂ ਧਮਕੀਆਂ ਮਿਲਦੀਆਂ ਰਹੀਆਂ ਹਨ।

ਅੱਤਵਾਦੀਆਂ ਨਾਲ ਨਜਿੱਠਣ ਲਈ ਕੋਈ ਨਿਯਮ ਨਹੀਂ : ਜੈਸ਼ੰਕਰ

ਪੁਣੇ : ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ ਸਰਹੱਦ ਪਾਰ ਤੋਂ ਹੋਣ ਵਾਲੀ ਕਿਸੇ ਵੀ ਅੱਤਵਾਦੀ ਕਾਰਵਾਈ ਦਾ ਜਵਾਬ ਦੇਣ ਲਈ ਵਚਨਬੱਧ ਹੈ ਅਤੇ ਕਿਉਂਕਿ ਅੱਤਵਾਦੀ ਨਿਯਮਾਂ ਨੂੰ ਨਹੀਂ ਮੰਨਦੇ, ਉਨ੍ਹਾਂ ਨੂੰ ਜੁਆਬ ਦੇਣ ਲਈ ਵੀ ਕੋਈ ਨਿਯਮ ਨਹੀਂ ਹੈ।

ਪਹਿਲੀ ਲਿਸਟ 'ਚ ਹਰਸਿਮਰਤ ਨਹੀਂ

ਬਠਿੰਡਾ ਦੀ ਥਾਂ ਫਿਰੋਜ਼ਪੁਰ ਤੋਂ ਲੜਾਉਣ ਦੀ ਚਰਚਾ

ਡਾ. ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ, ਐੱਨ ਕੇ ਸ਼ਰਮਾ, ਅਨਿਲ ਜੋਸ਼ੀ, ਬਿਕਰਮਜੀਤ ਸਿੰਘ ਖਾਲਸਾ, ਰਾਜਵਿੰਦਰ ਸਿੰਘ ਤੇ ਇਕਬਾਲ ਸਿੰਘ ਝੂੰਦਾ।

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸ਼ਨਿੱਚਰਵਾਰ ਲੋਕ ਸਭਾ ਚੋਣਾਂ ਲਈ ਪਾਰਟੀ ਦੇ 7 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ। ਗੁਰਦਾਸਪੁਰ ਤੋਂ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ, ਸ੍ਰੀ ਆਨੰਦਪੁਰ ਸਾਹਿਬ ਤੋਂ ਸਾਬਕਾ ਸਾਂਸਦ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਪਟਿਆਲਾ ਤੋਂ ਪਾਰਟੀ ਦੇ ਖਜ਼ਾਨਚੀ ਐੱਨ ਕੇ ਸ਼ਰਮਾ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਨਿਲ ਜੋਸ਼ੀ, ਸ੍ਰੀ ਫਤਿਹਗੜ੍ਹ ਸਾਹਿਬ ਤੋਂ ਬਿਕਰਮਜੀਤ ਸਿੰਘ ਖਾਲਸਾ, ਫਰੀਦਕੋਟ ਤੋਂ ਰਾਜਵਿੰਦਰ ਸਿੰਘ (ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਦੇ ਪੋਤੇ) ਅਤੇ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸੰਗਰੂਰ ਤੋਂ ਪਹਿਲਾਂ ਸਾਬਕਾ ਸੂਬਾਈ ਵਿੱਤ ਮੰਤਰੀ ਤੇ ਸੁਖਦੇਵ ਸਿੰਘ ਢੀਂਡਸਾ ਦੇ ਬੇਟੇ ਪਰਮਿੰਦਰ ਸਿੰਘ ਨੂੰ ਲੜਾਉਣ ਦੀ ਕਾਫੀ ਚਰਚਾ ਸੀ। ਅਕਾਲੀ ਦਲ ਦੀ ਪਹਿਲੀ ਸੂਚੀ ਵਿਚ ਨਾਂ ਨਾ ਹੋਣ 'ਤੇ ਚਰਚਾ ਛਿੜ ਗਈ ਹੈ ਕਿ ਕੀ ਬਾਦਲ ਖਾਨਦਾਨ ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਲਗਾਤਾਰ ਤਿੰਨ ਵਾਰ ਲਗਾਤਾਰ ਚੋਣ ਜਿੱਤਣ ਵਾਲੀ ਹਰਸਿਮਰਤ ਕੌਰ ਬਾਦਲ ਨੂੰ ਐਤਕੀਂ ਫਿਰੋਜ਼ਪੁਰ ਤੋਂ ਚੋਣ ਲੜਾਉਣਾ ਚਾਹੁੰਦਾ ਹੈ।

ਸਿਆਸਤ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਦੇ ਅਨੁਸ਼ਾਸਨੀ ਕਮੇਟੀ ਦੇ ਮੁਖੀ ਅਤੇ ਪ੍ਰਮੁੱਖ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਵੱਲੋਂ ਬਠਿੰਡਾ ਹਲਕੇ ਤੋਂ ਭਾਜਪਾ ਤਰਫੋਂ ਚੋਣ ਲੜਨ ਦੀ ਚਰਚਾ ਹੈ। ਬਠਿੰਡਾ ਹਲਕੇ 'ਚ ਸਿਕੰਦਰ ਮਲੂਕਾ ਦਾ ਚੋਖਾ ਪ੍ਰਭਾਵ ਹੈ।

ਹਰਸਿਮਰਤ ਨੂੰ ਭਾਜਪਾ ਨਾਲ ਭਾਈਵਾਲੀ ਦੇ ਹੁੰਦਿਆਂ 2009 'ਚ 50.51 ਫੀਸਦੀ, 2014 'ਚ 43.73 ਫੀਸਦੀ ਅਤੇ 2019 'ਚ 41.52 ਫੀਸਦੀ ਵੋਟਾਂ ਪਈਆਂ ਸਨ ਪਰ ਐਤਕੀ ਅਕਾਲੀ ਦਲ ਆਪਣੇ ਬਲਬੂਤੇ ਮੈਦਾਨ 'ਚ ਹੈ।

ਫਿਰੋਜ਼ਪੁਰ ਤੋਂ 1998 ਤੋਂ 2019 ਤੱਕ ਅਕਾਲੀ ਦਲ ਉਮੀਦਵਾਰ ਹੀ ਜਿੱਤਦੇ ਆ ਰਹੇ ਹਨ। 2019 'ਚ ਸੁਖਬੀਰ ਸਿੰਘ ਬਾਦਲ ਨੇ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੂੰ ਕਰੀਬ 2 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਸੀ। 2014 ਦੀਆਂ ਚੋਣਾਂ ਵਿਚ ● ਬਾਕੀ ਸਫ਼ਾ 10 'ਤੇ

ਬਲਵਿੰਦਰ ਜਲੰਧਰ ਤੇ ਛੜਬੜ ਪਟਿਆਲਾ ਤੋਂ ਬਸਪਾ ਉਮੀਦਵਾਰ

ਜਲੰਧਰ : ਬਸਪਾ ਨੇ ਸ਼ਨੀਵਾਰ ਦੋ ਹੋਰ ਉਮੀਦਵਾਰਾਂ ਦਾ ਐਲਾਨ ਕੀਤਾ। ਜਲੰਧਰ ਤੋਂ ਐਡਵੋਕੇਟ ਬਲਵਿੰਦਰ ਕੁਮਾਰ ਤੇ ਪਟਿਆਲਾ ਤੋਂ ਸੂਬਾਈ ਜਨਰਲ ਸਕੱਤਰ ਜਗਜੀਤ ਸਿੰਘ ਛੜਬੜ ਉਮੀਦਵਾਰ ਬਣਾਏ ਗਏ ਹਨ।

ਬਲਵਿੰਦਰ ਕੁਮਾਰ ਵੀ ਬਸਪਾ ਪੰਜਾਬ ਦੇ ਜਨਰਲ ਸਕੱਤਰ ਹਨ ਤੇ ਪਿਛਲੇ ਚਾਰ ਮਹੀਨਿਆਂ ਤੋਂ ਲੋਕ ਸਭਾ ਇੰਚਾਰਜ ਦੇ ਤੌਰ 'ਤੇ ਲਗਾਤਾਰ ਸਰਗਰਮ ਸਨ। ਉਹ ਕਰਤਾਰਪੁਰ ਤੋਂ 2017 ਅਤੇ 2022 'ਚ ਅਸੰਬਲੀ ਚੋਣ ਲੜ ਚੁੱਕੇ ਹਨ ਜਦੋਂ ਕਿ ਉਨ੍ਹਾ 2019 'ਚ ਲੋਕ ਸਭਾ ਹਲਕਾ ਜਲੰਧਰ ਤੋਂ 2 ਲੱਖ 4 ਹਜ਼ਾਰ ਵੋਟਾਂ ਲਈਆਂ ਸਨ। ਪਾਰਟੀ ਇਸ ਤੋਂ ਪਹਿਲਾਂ ਹੁਸ਼ਿਆਰਪੁਰ ਤੋਂ ਰਾਕੇਸ਼ ਕੁਮਾਰ ਸੁਮਨ, ਫਿਰੋਜ਼ਪੁਰ ਤੋਂ ਸੁਰਿੰਦਰ ਕੰਬੋਜ ਤੇ ਸੰਗਰੂਰ ਤੋਂ ਡਾ. ਮੱਖਣ ਸਿੰਘ ਨੂੰ ਉਮੀਦਵਾਰ ਐਲਾਨ ਚੁੱਕੀ ਹੈ।

ਵਾਅਦੇ ਕਰਕੇ ਮੁੱਕਰਨ ਵਾਲੀਆਂ ਪਾਰਟੀਆਂ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਬਕ ਸਿਖਾਉਣ ਦਾ ਫੈਸਲਾ

ਮੋਗਾ : ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਪਿਛਲੇ ਦਿਨੀਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੱਦੇ 'ਤੇ ਸੂਬਾਈ ਚੇਤਨਾ ਕਨਵੈਨਸ਼ਨ ਕੀਤੀ ਗਈ। ਇਸ ਕਨਵੈਨਸ਼ਨ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਮੁੱਖ ਆਗੂ ਚਰਨ ਸਿੰਘ ਸਰਾਭਾ, ਨਿਰਮਲ ਸਿੰਘ ਧਾਲੀਵਾਲ, ਰਣਜੀਤ ਸਿੰਘ ਰਾਣਵਾਂ, ਸੁਰਿੰਦਰ ਕੁਮਾਰ ਪੁਆਰੀ, ਜਗਦੀਸ਼ ਸਿੰਘ ਚਾਹਲ, ਗੁਰਜੀਤ ਸਿੰਘ ਘੋੜੇਵਾਹ, ਗੁਰਮੇਲ ਸਿੰਘ ਮੈਲਡੇ, ਬਲਦੇਵ ਸਿੰਘ ਸਹਿਦੇਵ, ਗੁਰਪ੍ਰੀਤ ਸਿੰਘ ਮੰਗਵਾਲ, ਪ੍ਰੇਮ ਚਾਵਲਾ, ਗੁਰਦੀਪ ਸਿੰਘ ਮੋਤੀ, ਜਸਵਿੰਦਰ ਪਾਲ ਉੱਘੀ, ਪ੍ਰਵੀਨ ਕੁਮਾਰ ਲੁਧਿਆਣਾ, ਮੇਲਾ ਸਿੰਘ ਪੁੰਨਾਂਵਾਲ, ਜਸਵਿੰਦਰ ਪਾਲ ਉੱਘੀ, ਕ੍ਰਿਸ਼ਨ ਪ੍ਰਸਾਦਿ ਚੰਡੀਗੜ੍ਹ, ਗੁਰਜੰਟ ਸਿੰਘ ਕੋਕਰੀ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਟਹਿਲ ਸਿੰਘ ਸਰਾਭਾ, ਪ੍ਰਭਜੀਤ ਸਿੰਘ ਉੱਪਲ, ਨਵੀਨ ਸਚਦੇਵਾ, ਅਮਰਜੀਤ ਕੌਰ ਰਣ ਸਿੰਘ ਵਾਲਾ, ਗੁਰਚਰਨ ਕੌਰ ਮੋਗਾ, ਰਾਧੇ ਸ਼ਿਆਮ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ, ਮਨਜੀਤ ਸਿੰਘ ਗਿੱਲ ਸ਼ਾਮਲ ਹੋਏ। ਕਨਵੈਨਸ਼ਨ ਦੌਰਾਨ ਰਾਜਨੀਤਕ ਪਾਰਟੀਆਂ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ, ਸੱਤਾ ਸੰਭਾਲਣ ਬਾਅਦ ਕਹਿਣੀ ਅਤੇ ਕਰਨੀ ਵਿੱਚ ਅੰਤਰ ਕਿਉਂ ? ਵਿਸ਼ੇ ਨੂੰ ਲੈ ਕੇ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਵੱਲੋਂ ਮੁਲਾਜ਼ਮਾਂ ਦੇ ਭਖਦੇ ਮਸਲੇ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਕੱਚੇ ਕਰਮਚਾਰੀਆਂ ਨੂੰ ਰੈਗੂਲਰ ਕਰਨਾ, ਡੀ ਏ ਦੀਆਂ ਬਕਾਇਆ ਪਈਆਂ 12 ਫੀਸਦੀ ਤਿੰਨ ਕਿਸ਼ਤਾਂ ਤੁਰੰਤ ਦੇਣ, ਤਨਖਾਹ ਰਵੀਜ਼ਨ ਅਤੇ ਡੀ ਏ ਦੇ ਪਿਛਲੇ ਬਕਾਏ ਤੁਰੰਤ ਦੇਣ, ਪੈਨਸ਼ਨਰਾਂ 'ਤੇ 2.59 ਦਾ ਗੁਣਾਂਕ ਲਾਗੂ ਕਰਨਾ, ਕੱਚੇ, ਠੇਕਾ, ਮਾਣ ਭੱਤਾ, ਆਊਟ ਸੋਰਸ ਅਤੇ ਸਕੀਮ ਵਰਕਰਾਂ ਨੂੰ ਰੈਗੂਲਰ ਕਰਨ ਅਤੇ ਘੱਟੋ-ਘੱਟ ਉਜਰਤ 26000 ਰੁਪਏ ਦੇਣ ਅਤੇ ਪੇਂਡੂ ਏਰੀਆ ਭੱਤਾ, ਬਾਰਡਰ ਏਰੀਆ ਭੱਤੇ ਸਮੇਤ ਬੰਦ ਹੋਏ 37 ਭੱਤੇ ਬਹਾਲ ਕਰਨ ਆਦਿ ਮਸਲੇ ਵਿਚਾਰੇ ਗਏ। ਕਨਵੈਨਸ਼ਨ ਨੇ ਸਰਬ-ਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਵਾਅਦੇ ਕਰਕੇ ਮੁੱਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਨੂੰ ਸਬਕ ਸਿਖਾਉਣ ਦਾ ਸੱਦਾ ਦਿੱਤਾ। ਸਰਵ-ਸੰਮਤੀ ਨਾਲ ਪਾਸ ਕੀਤੇ ਗਏ ਦੂਜੇ ਮਤੇ ਰਾਹੀਂ 18 ਅਪ੍ਰੈਲ ਨੂੰ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਜਲੰਧਰ ਸੂਬਾਈ ਕਾਨਫਰੰਸ, 20 ਅਪ੍ਰੈਲ ਨੂੰ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾਈ ਕਾਨਫਰੰਸ ਦੀ ਪੁਰਜ਼ੋਰ ਹਮਾਇਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਬਾਅਦ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਸਾਰੇ ਸ਼ਹਿਰਾਂ, ● ਬਾਕੀ ਸਫ਼ਾ 10 'ਤੇ

ਕੇਜਰੀਵਾਲ ਦੀ ਪਟੀਸ਼ਨ 'ਤੇ ਸੁਣਵਾਈ ਭਲਕੇ

ਨਵੀਂ ਦਿੱਲੀ : ਸੁਪਰੀਮ ਕੋਰਟ ਸੋਮਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਹਾਈ ਕੋਰਟ ਦੇ ਉਸ ਹੁਕਮ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਕਰੇਗੀ, ਜਿਸ ਨੇ ਕਥਿਤ ਆਬਕਾਰੀ ਨੀਤੀ ਘਪਲੇ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਉਨ੍ਹਾ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ ਹੈ।

ਇਸੇ ਦੌਰਾਨ 'ਆਪ' ਦੇ ਸੀਨੀਅਰ ਆਗੂ ਸੰਜੈ ਸਿੰਘ ਨੇ ਕਿਹਾ ਹੈ ਕਿ ਕੇਜਰੀਵਾਲ ਨੂੰ ਤਿਹਾੜ ਜੇਲ੍ਹ 'ਚ ਮੁਲਾਕਾਤ ਜੰਗਲਾ 'ਚ ਉਨ੍ਹਾ ਦੇ ਪਰਵਾਰ ਨਾਲ ਮ

ਜਗਰਾਉਂ ਤੋਂ ਅਮਿਤ ਖੰਨਾ ਵਲੋਂ ਵਿਸਾਖੀ ਦੇ ਤਿਉਹਾਰ ਤੇ ਵਿਸ਼ੇਸ਼ ਸਪਲੀਮੈਂਟ

ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਜਗਰਾਉਂ
ਲੋਕ ਸੇਵਾ ਸੁਸਾਇਟੀ (ਰਜਿ) ਜਗਰਾਓਂ
ਚੇਅਰਮੈਨ ਗੁਲਸ਼ਨ ਘਰੇੜਾ | ਸਰਪ੍ਰਸਤ ਰਜਿੰਦਰ ਜੈਨ | ਪ੍ਰਧਾਨ ਮਲੇਰ ਸਿੰਘ ਟੱਕਰ | ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋ | ਵਾਈਸ ਚੇਅਰਮੈਨ ਇੰ: ਚਰਨਜੀਤ ਭੰਡਾਰੀ | ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ
ਸੈਕਟਰੀ ਕੁਲਭੂਸ਼ਣ ਗੁਪਤਾ | ਕੈਸ਼ੀਅਰ ਸੁਲੀਲ ਬਜਾਜ | ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ | ਪ੍ਰੋਜੈਕਟ ਚੇਅਰਮੈਨ ਬੌਬਲ ਬੱਧਵਾਰ | ਪੀਆਰਓ ਸੁਖਦੇਵ ਗਰਗ | ਪੀਆਰਓ ਨੀਰਜ ਮਿੱਤਲ
ਸ੍ਰੀ ਅਰਵਿੰਦ ਕੇਜਰੀਵਾਲ ਆਪ ਸੁਪਰੀਮੋ/ਮੁੱਖ ਮੰਤਰੀ ਦਿੱਲੀ | ਸ: ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ | ਪ੍ਰੋ: ਸੁਖਵਿੰਦਰ ਸਿੰਘ ਸੀਨੀਅਰ ਆਪ ਨੇਤਾ
ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਜਾਰੀ ਕਰਤਾ: ਆਮ ਆਦਮੀ ਪਾਰਟੀ ਜਗਰਾਉਂ

Khanna Digital Studio Full HD
Prop: Subhash Khanna M. 98142-97424
Amit Khanna 99140-20819
98886-38347
Amit Khanna
OPP. INDO CANADIAN STORE, TEH.ROAD, JAGRAON

ਅਸੀਂ ਉਨ੍ਹਾਂ ਪਾਠਕਾਂ ਦਾ ਧੰਨਵਾਦ ਕਰਦਿਆਂ ਜਿਨ੍ਹਾਂ ਨੇ ਸਾਨੂੰ ਵਿਸਾਖੀ ਦਾ ਸਪਲੀਮੈਂਟ ਕੱਢਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਸਾਨੂੰ ਆਸ ਹੈ ਕਿ ਅੱਗੇ ਤੋਂ ਵੀ ਸਹਿਯੋਗ ਮਿਲਦਾ ਰਹੇਗਾ
ਪੱਤਰਕਾਰ (ਅਮਿਤ ਖੰਨਾ) ਨਵਾਂ ਜ਼ਮਾਨਾ ਜਗਰਾਉਂ।
ਮੋ: 99140-20819 (ਵਿਜ਼ਿਟਿੰਗ ਕੇਟ ਲਈ ਸੰਪਰਕ ਕਰੋ।)
ਅਮਿਤ ਖੰਨਾ

ਸੰਦੇਸ਼
ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
ਸੁਭਾਸ਼ ਖੰਨਾ (ਖੰਨਾ ਸਟੂਡੀਓ ਜਗਰਾਉਂ) 98142-97424

ਦਰਸ਼ਨ ਸਿੰਘ ਅਰੋੜਾ ਰਰਜੀਤ ਸਿੰਘ ਅਰੋੜਾ ਸੋਨੂੰ ਪ੍ਰਾਪਰਟੀ ਸਲਾਹਕਾਰ
ਜਗਰਾਓਂ ਤੇ ਲੁਧਿਆਣਾ ਵਿਚ ਰਰ ਤਰ੍ਹਾਂ ਦੀ ਜ਼ਮੀਨ ਤੇ ਜਾਇਦਾਦ ਖ਼ਰੀਦਣ ਤੇ ਵੇਚਣ ਲਈ ਮਿਲੋ:
ਦਰਸ਼ਨ ਸਿੰਘ ਅਰੋੜਾ 98151-22165
ਰਰਜੀਤ ਸਿੰਘ ਅਰੋੜਾ ਸੋਨੂੰ 98881-66084, 98788-26917
ਕਪੂਰ ਇਨਕਲੇਵ, ਨੰੜੇ ਸੈਂਟਰ ਸਿਟੀ, ਈਸਟ ਮੋਤੀ ਬਾਗ਼, ਜਗਰਾਓਂ

SURINDER SINGH MALWA | ANSHPREET SINGH MALWA | ADVT. AMANJOT SINGH MALWA

SWAMI ROOP CHAND JAIN SR. SEC. PUBLIC SCHOOL JAGRAON
(Affiliated to P.S.E.B. Mohali, Chandigarh) Affiliation No. L-4326
Near Old Sabzi Mandi, JAGRAON (Ludhiana). Ph.: 01624-222535, 227569
ADMISSION OPEN FOR SESSION 2024-25 From Pre Nur. to 10+2
(streams offered : Medical, Non-Medical, Humanities and Commerce).
Our Specialities:-
* 100% Board result & merit positions
* Emphasis on development of communication skills and social skills
* Separate abacus classroom
* Audio-visual rooms
* 30:1 pupil teacher ratio
* Experiential learning
* Regular coaching on communication Skills & social skills
* Teaching through play-way method
* Fully equipped music department
* Fully equipped labs (math, bio
* Chemistry, physical, ai & robotics)
* Well planned sports cover
* Generator R.O system
* CCTV cameras around corners
* Door to door transports facility
* Affordable fee structure
* Spacious playground
E-DAC
FULLY AC KINDERGARTEN | ARTIFICIAL & INTELLIGENCE ROBOTICS LAB | NEP BASED CURRICULUM | FULLY SMART CLASS CAMPUS
ABACUS & MANTLE MATHS | REASONING & APTITUDE | EXPERIENTIAL & ACTIVITY BASED LEARNING | SELF DEVELOPMENT & SOCIAL SKILLS
FOR ADMISSION ENQUIRIES CONTACT SCHOOL OFFICE
Tel:-01624-222535, 227569, 98147-00187

BHAGWATI MOBILE (RAJU) ਭਗਵਤੀ ਮੋਬਾਇਲਜ਼ (ਰਾਜੂ)
Office : 95174-13130
Pranav : 96468-13130
Raju : 98550-13130
All Kinds of Mobiles & Accessories
HDFC BANK | BAJAJ FINSERV | HDB FINANCIAL SERVICES | SAMSUNG | NOKIA | vivo | oppo | TECNO | ONEPLUS | realme
SAMSUNG Finance+ 0% Finance Available
Pine Labs
ਦੁਕਾਨ ਨੰ: 1205, ਛੱਤੀ ਗਲੀ ਦੇ ਨਾਲ, ਰੇਲਵੇ ਸਟੇਸ਼ਨ ਰੋਡ, ਜਗਰਾਉਂ (ਲੁਧਿ:)

Gagandeep Garg M. 98558-62929
Shree Om ENTERPRISES (BOOK STALL)
Jhansi Rani Chowk, Jagraon (Ldh.)

ਸਮੂਹ ਇਲਾਕਾ ਨਿਵਾਸੀਆਂ ਨੂੰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾ
ਪੰਕਜ ਅਗਰਵਾਲ ਪ੍ਰਧਾਨ ਐਮਿਸਟ ਐਸੋਸੀਏਸ਼ਨ ਜਗਰਾਉਂ

Shivalik Model School
Keshav Kunj Shivala Road Jagraon
STEP INTO SCHOOL WITH DIFFERENT
Admission Open Pre-Nur to X
SCHOOL AT A GLANCE
ENGLISH MEDIUM | CO-EDUCATION | SMART CLASS | ACADEMIC SESSION 2024-25
• 100% Result in Board Exams.
• Attained Achievement in state and district level sports.
• Latest teaching aids and excellent quality class room.
• Well equipped Computer and Science Labs.
• Transport facility available from your doorstep.
• 24x7 hours CCTV surveillance.
Admission Form avilable at the school's reception between 8:00 a.m To 2.00 p.m
Create The Bright Future For Your Children

ਸਾਡਾ ਜਗਰਾਉਂ ਸਿਹਤਮੰਦ ਜਗਰਾਉਂ
ਡੇਂਗੂ ਬੁਖਾਰ ਦੇ ਬਚਾਅ ਲਈ ਜਾਗਰੂਕਤਾ ਮੁਹਿੰਮ
ਡੇਂਗੂ ਦੀ ਰੋਕਥਾਮ ਸੰਬੰਧੀ
ਡੇਂਗੂ ਇੱਕ ਗੰਭੀਰ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ ਅਜਿਪਤੀ ਜਾਤੀ ਦੇ ਮੱਛਰਾਂ ਦੇ ਕੱਟਣ ਰਾਹੀਂ ਫੈਲਦੀ ਹੈ ਜੋ ਕਿ ਘਰਾਂ ਅਤੇ ਗਲੀ-ਮੁਹੱਲਿਆਂ ਵਿੱਚ ਖੜ੍ਹੇ ਸਾਫ ਪਾਣੀ ਦੇ ਸਰੋਤ ਜਿਵੇਂ ਕਿ ਟੁੱਟੇ ਘੜੇ, ਪਲਾਸਟਿਕ ਦੇ ਬਰਤਨ, ਪੁਰਾਣੇ ਟਾਇਰ, ਗਮਲੇ, ਕੂਲਰ ਅਤੇ ਅਣਵੱਕੀਆਂ ਪਾਣੀ ਦੀਆਂ ਟੈਂਕੀਆਂ ਦੀ ਹੋਣਲੀ ਟਰੇਅ ਤੇ ਖੜ੍ਹੇ ਪਾਣੀ ਆਦਿ ਵਿੱਚ ਪਲਦਾ ਹੈ।
--* ਬਚਣ ਦੇ ਉਪਾਅ *--
(1) ਆਪਣੇ ਘਰ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿਓ, ਜੇਕਰ ਪਾਣੀ ਖੜ੍ਹਾ ਹੋਵੇ ਤਾਂ ਉਸ 'ਤੇ ਮਿੱਟੀ ਦਾ ਤੇਲ ਜਾਂ ਕਾਲਾ ਤੇਲ ਪਾਓ।
(2) ਕੂਲਰਾਂ ਅਤੇ ਟੈਂਕੀਆਂ ਦਾ ਪਾਣੀ ਹਰ ਹਫ਼ਤੇ ਬਦਲਿਆ ਜਾਵੇ।
(3) ਮੱਛਰ ਦੇ ਕੱਟਣ ਤੋਂ ਬਚਾਅ ਲਈ ਮੱਛਰ ਭਜਾਓ ਕਰੀਮ ਅਤੇ ਮੱਛਰਦਾਨੀ ਦੀ ਵਰਤੋਂ ਕਰੋ।
(4) ਅਜਿਹੇ ਕੱਪੜੇ ਨਾ ਪਾਉ ਜਿੰਨਾ ਵਿੱਚ ਬਾਹਾਂ ਅਤੇ ਲੱਤਾਂ ਨੰਗੀਆ ਹੋਣ।
(5) ਘਰਾਂ ਉੱਤੇ ਪਏ ਟੁੱਟੇ ਘੜੇ, ਟਾਇਰ, ਬਰਤਨਾਂ ਆਦਿ ਵਿੱਚ ਪਾਣੀ ਨਾ ਖੜ੍ਹਾ ਹੋਣ ਦਿਓ।
(6) ਜੇਕਰ ਕਿਸੇ ਵਿਅਕਤੀ ਨੂੰ ਇਸ ਤਰਾਂ ਬੁਖਾਰ ਹੋਵੇ ਤਾਂ ਤੁਰੰਤ ਸਰਕਾਰੀ ਹਸਪਤਾਲ ਜਾਂ ਨੇੜੇ ਦੇ ਡਾਕਟਰ ਦੀ ਸਲਾਹ ਲਵੋ।
(7) ਮੱਛਰ ਪੈਦਾ ਹੋਣ ਦੇ ਸਥਾਨਾਂ ਦਾ ਖਾਤਮਾ ਕਰਕੇ ਡੇਂਗੂ ਨੂੰ ਰੋਕਿਆ ਜਾ ਸਕਦਾ ਹੈ।
ਕਾਰਜਕਾਰੀ ਪ੍ਰਧਾਨ ਨਗਰ ਕੌਂਸਲ ਜਗਰਾਉਂ | ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਜਗਰਾਉਂ
ਬੇਟੀ ਪੜ੍ਹਾਓ-ਬੇਟੀ ਬਚਾਓ

A unit of Vidya Bharti
ADMISSION OPEN CLASS PLAY-WAY to +2
SMT. SATISH GUPTA SARVHITKARI VIDYA MANDIR SR. SEC. SCHOOL JAGRAON (LUDHIANA)
A GREAT PLACE TO GROW
FREE IELTS COACHING
FREE ADMISSION PLAYWAY to 1st & 11th
Free Training With Regular Classes
Art & Craft | Rangoli | Mehandi | Cooking | Painting | Calligraphy
Smart Classes with innovative teaching methods
Sports & Physical Activity at STATE LEVEL
Early Admission and Sibling Advantages | 24x7 CCTV Surveillance
Science, Maths & Computer Fair at Zonal / State & All India Level
Scholarship 6th Class onwards securing more than 70% marks
For Admission Contact us : 78883-14720, 78892-28012

ਦੀ ਰੀਟੇਲ ਕਰਿਆਲਾ ਮਰਚੈਂਟ ਐਸੋਸੀਏਸ਼ਨ ਜਗਰਾਓਂ
ਮਨੋਹਰ ਸਿੰਘ ਟੱਕਰ ਪ੍ਰਧਾਨ | ਵਿਨੋਦ ਕੁਮਾਰ ਜੈਨ ਜਨਰਲ ਸੈਕਟਰੀ | ਸੰਜੀਵ ਕੁਮਾਰ ਬੌਬੀ ਕੈਸ਼ੀਅਰ | ਇਕਬਾਲ ਸਿੰਘ ਕਟਾਰੀਆ ਵਾਈਸ ਪ੍ਰਧਾਨ | ਯੂਵੀਨ ਮਿੱਤਲ ਵਾਈਸ ਪ੍ਰਧਾਨ | ਕਮਲਦੀਪ ਬਾਂਸਲ ਜੁਆਇੰਟ ਸੈਕਟਰੀ

Satyam Jewellers
Manufactures & wholesale Dealer of : Gold Ornaments & Daimond Jewellery
Rajesh Katyal 98882-81324
Ramesh Katyal 98727-51990
Main Bazar, Jagraon-142026

ਹਿੰਦੁਸਤਾਨ ਪੈਟ੍ਰੋਲਿਯਮ HP
ਦੀਵਾਲੀ ਦੀਆਂ ਵਧਾਈਆਂ
ਬੀ. ਕੇ. ਫਿਲਿੰਗ ਸਟੇਸ਼ਨ
ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ
Karanojt Singh | Dr. Narinder Singh
PH. (O) 01624-222546, MOB: 98140-25619

Raju Chawla 94176-60290
Happy Chawla 94637-48506
Chawla BAKER'S
SPL. IN : BIRTHDAY CAKE, ICE CREAM, PASTRY, KULFI
4, Anarkali Bazar, Near Ghaa Mandi, JAGRAON Ph. (S) 01624-228290

S. S. Dhillon P. S. Dhillon
DHILLON OPTICALS
(M) 78149-44718 (M) 98159-44718 (S) 01624-228499
Computerized Eye Testing & Contact Lens Clinic
Excellence Range of Spectacle Frames & Goggles
Canadian Building, Near Wine Shop, Under Bridge, JAGRAON

SPRING DEW PUBLIC SCHOOL
AFFILIATED TO CBSE, NEW DELHI, 1630867
NANAKSAR, Distt. Ldh. (PB.)
ADMISSION OPEN | ਦਾਖਲਾ ਸ਼ੁਰੂ
NURSERY TO 9TH & 11TH Session 2024-25
Medical, Non-Medical, Commerce & Arts
100% CBSE Board Results
Affordable Fee, Maximum Facilities
FAP Best Teacher Award (2023-24) | FULLY AC WING | FAP Best Innovative Sports Teacher Award (2023-24)
For Admission Details Contact M. 81949-71700, 92169-64403, 81949-71600
MANAGEMENT MEMBER BALDEV BAWA (CHAIRMAN) | MANJOT CHAUHAN (PRESIDENT) | SUKHWINDER SINGH (MANAGING DIRECTOR) | HERJIT SINGH SIDHU (DIRECTOR)

LIC.NO. 297 M. 94179-47881 90415-32007
FARID TRAVELS
CANADA STUDENT VISA VISITOR VISA

DAV CENTENARY PUBLIC SCHOOL (Jagraon)
Let your child be part of DAV networks
Affiliated to CBSE, New Delhi Vide Code No. 1630114
PAN INDIA PRESENCE OF DAV BRAND
Only School in Jagraon with ATAL Lab
Only school in Jagraon to insure all students for 2 Lakh
NEP Aligned Curriculum
Interactive Environment
21st Century Education
Affordable Fee Structure
School with Most Qualified Faculty
VED VRAT PLAH Principal
DR.(MRS.) SATWANT KAUR BHULLAR Manager
Helpline no. 01624-222834, 75288-12834

ਸਮਤੀਆਂ ਹਵਾਈ ਟਿਕਟਾਂ
NEAR JHANSI RANI CHOWK, TEHSIL ROAD, JAGRAON

On the Behalf of Management, Principal, Teachers, Parents & Students
Happy Vaisakhi & Mahavir Jayanti to All
Limited Seats HURRY UP !! Join Our Nation Shapers
We're preparing Tomorrow's leader, Today
ROOP VATIKA
Affiliated to CBSE, New Delhi
An English Medium & Aetivity Based School
Salient Features
* Class Nursery to +2
* Co-Education
* English Medium
* Smart Class Rooms
* Well Equipped English, Science, Maths and A.I. Labs (Robotics)
* Air Conditioned Computer Labs
* Well Stocked Library
* Music & Dance Rooms
* AC Toy Room
* Innovative teaching pedagogies in sync with NEP 2020
* Co-Curricular Activities
* Sports Outdoor - Indoor
* Spacious Playgrounds
* Qualified & Experienced Staff
* Student Friendly
* Safe Environment
* Excellent Results
P.NSY to 9th & +1 (ALL STREAMS) (Non-Medical, Medical, Commerce & Humanities)
ADMISSION OPEN 2024-25
Ramesh Kumar Jain (Vice President) | Dharampaul Jain (Manager) | Vijay Kumar Jain (Secretary) | Vimmi Thakur (Principal)
DISPOSAL ROAD, NEAR SHANI MANDIR, JAGRAON
vatikaroop@yahoo.com facebook.com/RoopVatika
01624-220571 Website : www.roopvatika.in

ਹਰਗੋਬਿੰਦ H.P. ਗੈਸ ਸਰਵਿਸ
ਸ਼ੇਰਪੁਰਾ ਚੌਕ, ਜਗਰਾਉਂ।(ਨੇੜੇ ਗਿੱਲ ਫਾਈਨਾਂਸ)
ਆਨ ਲਾਈਨ ਬੁਕਿੰਗ ਲਈ ਘਰੋਂ ਹੀ ਬੁੱਕ ਕਰਵਾਓ 98556-23456
ਵਪਾਰਕ ਜਗ੍ਹਾ ਤੇ ਘਰੇਲੂ ਇਸਤੇਮਾਲ ਕਰਨਾ ਗੈਰ-ਕਾਨੂੰਨੀ ਹੈ।
ਡਿਸਟੀਬਿਊਟਰ 94643-66243, 98140-21250, 98147-00104
ਨਵੇ ਕੁਨੈਕਸ਼ਨ ਲਈ ਤੁਰੰਤ ਸੰਪਰਕ ਕਰੋ 01624-220044

ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾ
Janta Auto Mobiles
Deals in All Types of car parts Accessories & Lubricants, Hand and Power tools, Janta Sales Corpration
Janta Sales Corporation Deals by Oxygen, Co2, Algon, Nitrogen, Gases and Filing Cylinder
M. 95921-19001
DAMANDEEP SINGH ARORA
ਸ਼ਾਹਮਣੇ ਸਟੇਟ ਬੈਂਕ ਆਫ ਇੰਡੀਆ ਤਹਿਸੀਲ ਰੋਡ ਜਗਰਾਉਂ

LAJPAT RAI DAV COLLEGE JAGARON-142026
Managed by DAV College Managing Committee, New Delhi. Affiliated to Punjab University, Chandigarh
Register Youself At Centralised Admission Portal For Admission to Session 2024-2025 on https://admission.Punjab.gov.in/student/login
UG AND PG COURSES | ADD ON COURSES | CERTIFICATE COURSES
NSDC APPROVED CERTIFICATE COURSES
BEAUTY AND WELLNESS | APPAREL | BFS(BANKING)
FEATURES OF OUR COLLEGE
ADMISSION HELPLINE | GUIDANCE | FEE ENQUIRY
Dr. Anuj Kumar Sharma Principal

14-APR-PAGE-3.qxd 4/13/2024 9:33 PM Page 1

ਜਲ੍ਹਿਆਂਵਾਲਾ ਬਾਗ਼ ਯਾਦਗਾਰੀ ਸਮਾਗਮ ਮੌਕੇ ਸਾਂਝੀ ਤਵਾਰੀਖ਼ ਦਾ ਪਰਚਮ ਬੁਲੰਦ ਰੱਖਣ ਦੀ ਅਪੀਲ

ਜਲੰਧਰ : ਮੁਲਕ ਦੀ ਆਜ਼ਾਦੀ ਤਵਾਰੀਖ਼ ਦੇ ਹਿਰਦੇਵੇਦਕ ਇਤਿਹਾਸਕ ਖ਼ੂਨੀ ਕਾਂਡ ਜਲ੍ਹਿਆਂਵਾਲਾ ਬਾਗ਼ ਦੀ ਲਹੂ ਰੱਤੀ ਮਿੱਟੀ ਅਤੇ ਇਸਦੇ ਅਮਰ ਸ਼ਹੀਦਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਯਾਦਗਾਰ ਹਾਲ 'ਚ ਸਿਜਦਾ ਕੀਤਾ ਗਿਆ। ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰਸੱਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਗੁਰਮੀਤ ਸਿੰਘ ਨੇ ਕਮੇਟੀ ਦੀ ਤਰਫ਼ੋਂ ਜਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਦੇ ਅਦਬ 'ਚ ਫੁੱਲ ਭੇਂਟ ਕਰਦਿਆਂ ਕਿਹਾ ਕਿ ਜਲ੍ਹਿਆਂ ਵਾਲਾ ਬਾਗ਼ 'ਚ ਭੁੱਲ੍ਹਾ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਲਹੂ ਅੱਜ ਵੀ ਬੋਲਦਾ ਹੈ, ਕੱਲ੍ਹ ਵੀ ਬੋਲਦਾ ਰਹੇਗਾ। ਉਹਨਾਂ ਕਿਹਾ ਕਿ ਆਜ਼ਾਦੀ ਦੀ ਜੱਦੋ ਜਹਿਦ ਵਿੱਚ ਇੱਕ ਜ਼ਿੰਦ ਇੱਕ ਜਾਨ ਹੋ ਕੇ ਤਨ, ਮਨ, ਧਨ ਨਿਛਾਵਰ ਕਰਨ ਵਾਲੇ ਲੋਕਾਂ ਵਿੱਚ ਪਾਟਕ ਪਾਉਣ, ਜ਼ਹਿਰ ਛਿੜਕਣ ਅਤੇ ਇੱਕ ਦੂਜੇ ਦੇ ਵੈਰੀ ਬਣਾ ਕੇ ਸੌੜੇ ਸਿਆਸੀ ਹਿੱਤਾਂ ਦੇ ਫੁਲਕੇ ਸੇਕਣ ਦੇ ਚੇਦਰੇ ਮਨਸੂਬੇ ਕਦਾਚਿਤ ਪੂਰੇ ਨਹੀਂ ਹੋਣਗੇ। ਬੁਲਾਰਿਆਂ ਕਿਹਾ ਕਿ ਖੇਤੀ, ਸਨਅਤ, ਸਿੱਖਿਆ, ਸਿਹਤ, ਬਿਜਲੀ, ਪਾਣੀ, ਕੁਦਰਤੀ ਅਨਮੋਲ ਖਜ਼ਾਨਿਆਂ, ਰੁਜ਼ਗਾਰ, ਜੰਗਲ, ਜਲ, ਜ਼ਮੀਨ, ਬੋਲੀ, ਇਤਿਹਾਸ, ਵਿਰਾਸਤ, ਸਾਹਿਤ ਆਦਿ ਨੂੰ ਬਦੇਸ਼ੀ ਦੇਸੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਵੰਨ-ਸੁਵੰਨੇ ਹਾਕਮਾਂ ਵੱਲੋਂ ਲੱਗੀ ਦੌੜ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਅਤੇ ਨਾਲ਼ ਦੀ ਨਾਲ਼ ਹਰ ਤਰ੍ਹਾਂ ਦੀ ਫ਼ਿਰਕੂ ਫਾਸ਼ੀ ਹਨੇਰੀ ਨੂੰ ਪਛਾੜਨਾ ਹੀ ਜਲ੍ਹਿਆਂ ਵਾਲਾ ਬਾਗ਼ ਦੇ ਸ਼ਹੀਦਾਂ ਨੂੰ ਹਕੀਕੀ ਰੂਪ ਵਿੱਚ ਸਿਜਦਾ ਕਰਨਾ ਹੈ। ਸਮਾਗਮ 'ਚ ਅਹਿਦ ਲਿਆ ਗਿਆ ਕਿ ਜਲ੍ਹਿਆਂ ਵਾਲਾ ਬਾਗ਼ ਅਤੇ ਗ਼ਦਰ ਲਹਿਰ ਦੀ ਮਾਣਮੱਤੀ ਵਿਰਾਸਤ ਨੂੰ ਬੁਲੰਦ ਕਰਦਿਆਂ ਮੁਲਕ ਅੰਦਰ ਸਾਮਰਾਜਵਾਦ ਉਸਦੇ ਸੇਵਾਦਾਰਾਂ, ਫ਼ਿਰਕੂ ਤਾਕਤਾਂ ਵਿਰੋਧੀ ਜਨਤਕ ਲਹਿਰ ਉਸਾਰਨ ਲਈ ਚੇਤਨਾ ਅਤੇ ਚਿੰਤਨ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਪਾਉਣਾ ਜਾਰੀ ਰੱਖਿਆ ਜਾਏਗਾ। ਸਮਾਗਮ 'ਚ ਕਾਲ਼ੇ ਕਾਨੂੰਨ ਰੱਦ ਕਰਨ, ਲੋਕਾਂ ਉਪਰ ਚੌਤਰਫ਼ੇ ਹਮਲੇ ਬੰਦ ਕਰਨ, ਹਰ ਵੰਨਗੀ ਦੇ ਜਾਤ-ਪਾਤੀ ਫ਼ਿਰਕੇਦਾਰਾਨਾ ਤੁਅੱਸਬ ਦੂਰ ਕਰਕੇ ਧਰਮ-ਨਿਰਪੱਖ, ਸਾਂਝੀਵਾਲਤਾ ਦੀ ਲਹਿਰ ਸਿਰਜਣ ਲਈ ਵਿਸਾਖੀ ਦਿਹਾੜੇ ਤੋਂ ਪ੍ਰੇਰਨਾ ਲੈਣ 'ਤੇ ਵੀ ਜ਼ੋਰ ਦਿੱਤਾ ਗਿਆ। 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਹਾੜੇ ਮੌਕੇ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਗਈ, ਜਿਸ ਸਮਾਗਮ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਡਾ. ਦਵਿੰਦਰ ਸ਼ਰਮਾ ਪੁੱਜ ਰਹੇ ਹਨ।

ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵਿਖੇ ਖਾਲਸਾ ਸਾਜਨਾ ਦਿਵਸ ਸਮਾਗਮ ਸੰਪੰਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਟਿੱਬਾ ਸਾਹਿਬ ਵਿਖੇ ਟਿੱਬਾ ਸਾਹਿਬ ਸੇਵਾ ਸਿਮਰਨ ਸਭਾ (ਰਜਿ.) ਹੁਸ਼ਿਆਰਪੁਰ,ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ,ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ.ਹੁਸ਼ਿਆਰਪੁਰ ਅਤੇ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਜੁੱਗੋ-ਜੁੱਗ ਅੱਟਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਛੱਤਰ-ਛਾਇਆ ਹੇਠ ਲੜੀਵਾਰ ਕੀਰਤਨ ਸਮਾਗਮ ਸੰਪੰਨ ਹੋ ਗਏ।ਇਸ ਮੌਕੇ ਹਰਬੰਸ ਸਿੰਘ ਸੈਬ ਤੇ ਸਮੂੰਹ ਪਰਵਾਰ ਵੱਲੋਂ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜਾਏ ਗਏ ਦੀਵਾਨ ਵਿੱਚ ਭਾਈ ਸੁਰਿੰਦਰਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਟਿੱਬਾ ਸਾਹਿਬ ਅਤੇ ਮਾਤਾ ਖੀਵੀ ਸੇਵਾ ਦਲ ਦੇ ਬਚਿਆਂ ਵੱਲੋਂ ਧੁਰ ਕੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਅਤੇ ਢਾਡੀ ਸੁਖਵੀਰ ਸਿੰਘ ਚੌਹਾਨ ਦੇ ਜਥੇ ਵੱਲੋਂ ਗੁਰਇਤਿਹਾਸ ਅਤੇ ਢਾਡੀ ਵਾਰਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਖਾਲਸਾ ਸਿਰਜਣਾ ਦੇ ਪ੍ਰਸੰਗ ਸਾਂਝੇ ਕਰਦਿਆਂ ਖਾਲਸਈ ਵਿਰਾਸਤ ਨੂੰ ਸੰਭਾਲਣ ਅਤੇ ਡੇਰੇਦਾਰਾਂ,ਦੰਭੀ ਤੇ ਪਾਖੰਡੀ ਗੁਰੂਡੰਮ ਤੋਂ ਸੁਚੇਤ ਰਹਿਣ ਦੀ ਪ੍ਰੇਰਨਾ ਦਿੱਤੀ। ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਅਤੇ ਦਰਸ਼ਨ ਸਿੰਘ ਪਲਾਹਾ ਪ੍ਰਧਾਨ ਨੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਪੋਗਰਾਮਾਂ ਸੰਬੰਧੀ ਸਹਿਯੋਗ ਦੇਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ,ਦਰਸ਼ਨ ਸਿੰਘ ਪਲਾਹਾ ਪ੍ਰਧਾਨ, ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ, ਪ੍ਰਿੰ ਬਲਵੀਰ ਸਿੰਘ ਸੈਣੀ ਜਨਰਲ ਸਕੱਤਰ, ਗੁਰਚਰਨ ਸਿੰਘ ਜਿੰਦ, ਭਾਈ ਅਵਤਾਰ ਸਿੰਘ ਹੌਂਡ ਗ੍ਰੰਥੀ,ਸਰਬਜੀਤ ਇੰਦਰਜੀਤ ਸਿੰਘ ਬਡਵਾਲ,ਗੁਰਦੇਵ ਸਿੰਘ, ਬੀਬੀ ਜਸਵੀਰ ਕੌਰ ਚੀਮਾ, ਬੀਬੀ ਸਤਨਾਮ ਕੌਰ,ਬੀਬੀ ਹਰਦੀਪ ਕੌਰ,ਬੀਬੀ ਲਵਲੀਨ ਕੌਰ ਪਰਮਾਰ ਆਦਿ ਸੰਗਤਾਂ ਵੱਡੀ ਗਿਣਤੀ ਵਿੱਚ ਮੌਜੂਦ ਸਨ।ਸਮਾਗਮ ਦੌਰਾਨ ਗੁਰੂ ਕੇ ਲੰਗਰ ਅੱਤੁਟ ਵਰਤਾਏ ਗਏ।

ਖਾਲਸਾ ਸਾਜਨਾ ਦਿਵਸ ਮੌਕੇ ਗੁਰਮਤਿ ਸਮਾਗਮ ਕਰਵਾਏ

ਬਰਨਾਲਾ (ਰਾਜਿੰਦਰ ਬਰਾੜ)-ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਜੀ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਮਹਾਨ ਗੁਰਮਤਿ ਸਮਾਗਮ 13 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਮਨਾਇਆ ਗਿਆ। ਜਥੇਦਾਰ ਪਰਮਜੀਤ ਸਿੰਘ ਖਾਲਸਾ ਅੰਤਰਿਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ ਨੇ ਇਸ ਮੌਕੇ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕਰਕੇ ਨਿਹਾਲ ਕੀਤਾ ਅਤੇ ਭਾਈ ਨਾਥ ਸਿੰਘ ਹਮੀਦੀ ਢਾਡੀ ਜਥਾ ਅਤੇ ਭਾਈ ਰਾਜਵਿੰਦਰ ਸਿੰਘ ਮੱਲੀਆਂ ਕਵੀਸ਼ਰੀ ਜਥੇ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਆਏ ਢਾਡੀ ਜਥੇ ਨੇ ਕਥਾ ਵਿਚਾਰਾਂ ਕਰਕੇ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ ਨੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਕਲੱਬ ਵੱਲੋਂ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਗੁਰਸੇਟ ਸਿੰਘ ਸੋਨਾ, ਬੇਅੰਤ ਸਿੰਘ ਧਾਲੀਵਾਲ, ਇੰਸਪੈਕਟਰ ਬੰਤ ਸਿੰਘ, ਤੇਜਿੰਦਰ ਸਿੰਘ, ਅਮਰਜੀਤ ਸਿੰਘ, ਸਰਬਜੀਤ ਸਿੰਘ, ਕੁਲਦੀਪ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ

ਕਣਕ ਦੀ ਨਿਰਵਿਘਨ ਖਰੀਦ ਲਈ ਪੰਜਾਬ ਸਰਕਾਰ ਵਚਨਬੱਧ : ਚੱਠਾ

ਧੂਰੀ, 13 ਅਪਰੈਲ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਕੰਟੇਨਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਖਰੀਦਣ ਸੰਬੰਧੀ ਸੂਬਾ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਿਸਾਨਾਂ ਦੀ ਪੈਦਾਵਾਰ ਖਰੀਦਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪੈਦਾ ਕੀਤੇ ਇੱਕ-ਇੱਕ ਦਾਣੇ ਦੀ ਨਿਰਵਿਘਨ ਅਤੇ ਸੁਚੱਜੀ ਖਰੀਦ ਨੂੰ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਭਗਵੰਤ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਮੰਡੀਆਂ ਵਿੱਚ ਲਿਆਉਣ 'ਤੇ ਤੁਰੰਤ ਭੁਗਤਾਨ ਕੀਤਾ ਜਾਵੇਗਾ ਅਤੇ ਇਸ ਸੰਬੰਧੀ ਇੱਕ ਢੁਕਵੀਂ ਪ੍ਰਣਾਲੀ ਤਿਆਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਏਜੰਸੀਆਂ ਨੂੰ ਖਰੀਦ ਕੇਂਦਰ ਅਲਾਟ ਕੀਤੇ ਗਏ ਹਨ ਅਤੇ ਸਮੁੱਚੀ ਖਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪਵੇਗਾ, ਜਿੱਥੇ ਪੰਜਾਬ ਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਵਪਾਰੀਆਂ ਲਈ ਖਰੀਦ ਪ੍ਰਬੰਧਾਂ ਨੂੰ ਸਹੀ ਚਲਾਉਣ ਦੇ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਸਾਰੀਆਂ ਮੰਡੀਆਂ ਦੀ ਸਾਫ-ਸਫਾਈ, ਪੀਣ ਯੋਗ ਪਾਣੀ ਦੇ ਪ੍ਰਬੰਧ, ਬਿਜਲੀ ਦੇ ਯੋਗ ਪ੍ਰਬੰਧ, ਬੈਠਣ ਲਈ ਛਾਂ ਅਤੇ ਪਖਾਨਿਆ ਦਾ ਪ੍ਰਬੰਧ ਕੀਤਾ ਗਿਆ ਹੈ। ਲੋਕ ਸਭਾ ਹਲਕਾ ਸੰਗਰੂਰ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਕਿਹਾ ਕਿ ਜਿੱਥੇ ਲੋਕ ਸਭਾ ਹਲਕਾ ਸੰਗਰੂਰ ਦੀਆਂ 13 ਸੀਟਾਂ 'ਤੇ ਆਪ ਉਮੀਦਵਾਰਾਂ ਦੇ ਹੱਕ ਵਿੱਚ ਸਪੱਸ਼ਟ ਫ਼ਤਵਾ ਦੇਣਗੇ, ਉਥੇ ਸੰਗਰੂਰ ਲੋਕ ਸਭਾ ਹਲਕਾ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਵੱਡੇ ਫ਼ਰਕ ਨਾਲ ਜਿੱਤਣਗੇ।

ਨਸ਼ੀਲੇ ਪਾਊਡਰ ਦੀ ਬਰਾਮਦਗੀ ਮਾਮਲੇ 'ਚ ਤਿੰਨ ਨੌਜਵਾਨ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਥਾਣਾ ਸਰਹਿੰਦ ਦੀ ਪੁਲਸ ਵੱਲੋਂ ਨਸ਼ੀਲੇ ਪਾਊਡਰ ਦੀ ਬਰਾਮਦਗੀ ਦੇ ਇੱਕ ਮਾਮਲੇ 'ਚ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਸਰਹਿੰਦ ਦੇ ਖਾਨਪੁਰ ਸਰਵਿਸ ਰੋਡ ਟੀ-ਪੁਆਇੰਟ 'ਤੇ ਚੈਕਿੰਗ ਕਰ ਰਹੀ ਸੀ ਤਾਂ ਪੈਦਲ ਤੁਰੇ ਆ ਰਹੇ ਦੋ ਨੌਜਵਾਨਾਂ ਨੇ ਪੁਲਸ ਕਰਮਚਾਰੀਆਂ ਨੂੰ ਚੈਕਿੰਗ ਕਰਦੇ ਦੇਖ ਆਪੋ-ਆਪਣੀ ਜੇਬ 'ਚੋਂ ਲਿਫਾਫੀਆਂ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤੀਆਂ ਤੇ ਉੱਥੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਕਾਬੂ ਕਰਕੇ ਪੁਲਸ ਕਰਮਚਾਰੀਆਂ ਨੇ ਉਨ੍ਹਾਂ ਦਾ ਨਾਂ-ਪਤਾ ਪੁੱਛਿਆ ਤਾਂ ਇੱਕ ਨੌਜਵਾਨ ਨੇ ਆਪਣੀ ਪਹਿਚਾਣ ਆਦਿੱਤਿਆ ਵਾਸੀ ਸਰਹਿੰਦ ਮੰਡੀ ਅਤੇ ਦੂਸਰੇ ਨੇ ਕਮਲਦੀਪ ਸ਼ਰਮਾ ਵਾਸੀ ਸਰਹਿੰਦ ਮੰਡੀ ਵਜੋਂ ਦੱਸੀ। ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਉਕਤ ਨੌਜਵਾਨਾਂ ਵੱਲੋਂ ਸੁੱਟੀਆਂ ਗਈਆਂ ਲਿਫਾਫੀਆਂ ਨੂੰ ਖੋਲ੍ਹ ਕੇ ਚੈੱਕ ਕੀਤਾ ਤਾਂ ਉਨਾਂ 'ਚੋਂ 6-6 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਥਾਣਾ ਸਰਹਿੰਦ ਵਿਖੇ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਆਦਿੱਤਿਆ ਅਤੇ ਕਮਲਦੀਪ ਸ਼ਰਮਾ ਨੂੰ ਗ੍ਰਿਫ਼ਤਾਰ ਕਰਕੇ ਕੀਤੀ ਗਈ ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਉਕਤ ਨਸ਼ੀਲਾ ਪਾਊਡਰ ਉਹ ਵਿਕਾਸ ਗੁਪਤਾ ਵਾਸੀ ਸਰਹਿੰਦ ਮੰਡੀ ਤੋਂ ਲੈ ਕੇ ਆਏ ਸਨ ਜਿਸ 'ਤੇ ਸਰਹਿੰਦ ਪੁਲਸ ਵੱਲੋਂ ਵਿਕਾਸ ਗੁਪਤਾ ਨੂੰ ਵੀ ਮੁਕੱਦਮੇ 'ਚ ਨਾਮਜ਼ਦ ਕਰਦੇ ਹੋਏ ਗ੍ਰਿਫ਼ਤਾਰ ਕਰ ਲਿਆ ਗਿਆ।

ਭਾਰਤ 'ਚ ਲੋਕਤੰਤਰ ਲਈ ਭਾਜਪਾ ਸਭ ਤੋਂ ਵੱਡਾ ਖਤਰਾ : ਅਨਵਰ ਭਸੌੜ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪੰਜਾਬ ਵਕਫ ਬੋਰਡ ਦੇ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ ਨੇ ਕਿਹਾ ਕਿ ਅੱਜ ਭਾਰਤ ਵਿੱਚ ਲੋਕਤੰਤਰ ਲਈ ਸਭ ਤੋਂ ਵੱਡਾ ਖਤਰਾ ਭਾਜਪਾ ਹੈ। ਲੋਕਾਂ ਵੱਲੋਂ ਚੁਣੀ ਸਰਕਾਰ ਨੂੰ ਡੇਗਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਦਿੱਲੀ ਵਿੱਚ ਰਾਸ਼ਟਰਪਤੀ ਰਾਜ ਲਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਬਹੁਤ ਕੁਰਬਾਨੀਆਂ ਤੋਂ ਬਾਅਦ ਇਹ ਆਜ਼ਾਦੀ ਹਾਸਲ ਕੀਤੀ ਅਤੇ ਲੋਕਤੰਤਰੀ ਦੇਸ਼ ਬਣੇ। ਡਾ. ਬੀ ਆਰ ਅੰਬੇਡਕਰ ਨੇ ਇਹ ਯਕੀਨੀ ਬਣਾਉਣ ਲਈ ਸੰਵਿਧਾਨ ਲਿਖਿਆ ਕਿ ਹਰ ਕਿਸੇ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੀ ਮੰਤਰੀ ਮੰਡਲ ਦੀ ਚੋਣ ਕਰਦੇ ਹਨ ਅਤੇ ਇੱਕ ਸਰਕਾਰ ਅਤੇ ਲੋਕਾਂ ਦੁਆਰਾ ਚੁਣਿਆ ਗਿਆ ਮੁੱਖ ਮੰਤਰੀ ਲੋਕਾਂ ਦੀ ਸੇਵਾ ਕਰਦਾ ਹੈ। ਪਰ, ਬਦਕਿਸਮਤੀ ਨਾਲ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਭਾਰਤ ਵਿੱਚ ਗੈਰ-ਭਾਜਪਾ ਚੁਣੀਆਂ ਗਈਆਂ ਸਰਕਾਰਾਂ ਨੂੰ ਲਗਾਤਾਰ ਤੰਗ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਹੋਵੇ ਜਾਂ ਪੰਜਾਬ, ਉਹ ਚੁਣੀ ਹੋਈ 'ਆਪ' ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਦਿੱਲੀ ਦੀ ਸਰਕਾਰ ਨੂੰ 5 ਸਾਲਾਂ ਲਈ ਚੁਣਿਆ ਹੈ। ਇਹ ਦਿੱਲੀ ਦੇ ਲੋਕਾਂ ਦੇ ਬਹੁਮਤ ਦਾ ਫਤਵਾ ਸੀ, ਪਰ ਭਾਜਪਾ ਸਾਡੇ ਲੋਕਤੰਤਰ ਦਾ ਕਤਲ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਉਹ ਅਜਿਹੀ ਸਰਕਾਰ ਨੂੰ ਹਟਾਉਣਾ ਚਾਹੁੰਦੇ ਹਨ ਜੋ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੋਵੇ ਅਤੇ ਆਮ ਲੋਕਾਂ

14-APRIL-PAGE-4.qxd 4/13/2024 9:23 PM Page 1

ਫਰੀਦਕੋਟ 'ਚ ਕਿਸਾਨਾਂ ਨੇ ਘੇਰਿਆ ਹੰਸ ਰਾਜ ਹੰਸ

ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)

ਲੋਕ ਸਭਾ ਦੀਆਂ ਚੋਣਾਂ ਨੂੰ ਲੈ ਕੇ ਦੇਸ਼ ਭਰ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਬੀਜੇਪੀ ਦੇ ਉਮੀਦਵਾਰਾਂ ਦਾ ਵਿਰੋਧ ਕਰਨ ਨੂੰ ਲੈ ਕੇ ਨਿੱਤ ਰੋਜ਼ ਨਵੀਆਂ ਖਬਰਾਂ ਆ ਰਹੀਆਂ ਹਨ। ਅੱਜ ਭਾਜਪਾ ਦੇ ਫਰੀਦਕੋਟ ਤੋਂ ਉਮੀਦਵਾਰ ਰਾਜ ਗਾਇਕ ਹੰਸ ਰਾਜ ਹੰਸ ਵੱਲੋਂ ਸ਼ਾਹੀ ਹਵੇਲੀ ਫਰੀਦਕੋਟ ਆਉਣ 'ਤੇ ਬੀਕੇਯੂ ਏਕਤਾ ਸਿੱਧੂਪੁਰ ਤੇ ਸਹਿਯੋਗੀ ਕਿਸਾਨ ਜਥੇਬੰਦੀਆਂ ਦੇ ਵੱਡੀ ਗਿਣਤੀ ਕਿਸਾਨਾਂ ਵੱਲੋਂ ਪਹੁੰਚ ਕੇ ਭਾਜਪਾ ਦੇ ਉਮੀਦਵਾਰ ਨੂੰ ਸਵਾਲ ਕਰਨ ਦੀ ਗੱਲ ਕੀਤੀ ਗਈ, ਪਰ ਹੰਸ ਰਾਜ ਵੱਲੋਂ ਕਿਸਾਨਾਂ ਨੂੰ ਸਮਾਂ ਨਹੀਂ ਦਿੱਤਾ ਗਿਆ। ਇਸ ਮੌਕੇ ਕਿਸਾਨਾਂ ਕੋਲ ਹਰਿਆਣਾ ਸਰਕਾਰ ਦੀ ਗੋਲੀ ਨਾਲ ਸ਼ਹੀਦ ਹੋਏ ਕਿਸਾਨ ਸ਼ੁਭਕਰਨ ਸਿੰਘ ਦੀ ਤਸਵੀਰ ਵਾਲੀਆਂ ਤਖਤੀਆਂ ਤੇ ਕਾਲੀਆਂ ਝੰਡੀਆਂ ਫੜੀਆਂ ਹੋਈਆਂ ਸਨ ਤੇ ਉਨ੍ਹਾਂ ਵੱਲੋਂ ਬੀਜੇਪੀ ਮੁਰਦਾਬਾਦ ਦੇ ਨਾਅਰੇ ਲਗਾਏ ਜਾ ਰਹੇ ਸਨ। ਇਸ ਮੌਕੇ ਕਿਸਾਨ ਆਗੂ ਇੰਦਰਜੀਤ ਸਿੰਘ ਘਣੀਆਂ ਨੇ ਕਿਹਾ ਕਿ ਦੇਸ਼ ਦੇ ਕਿਸਾਨਾਂ ਵੱਲੋਂ ਹਰ ਖੇਤਰ ਹਰ ਸਟੇਟ ਵਿੱਚ ਬੀਜੇਪੀ ਦੇ ਉਮੀਦਵਾਰਾਂ ਨੂੰ ਸਵਾਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੀਜੇਪੀ ਦੇ ਉਮੀਦਵਾਰ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਣ ਦੀ ਬਜਾਏ ਪਾਸੇ ਵੱਲ ਨੂੰ ਖਿਸਕ ਰਹੇ ਹਨ। ਉਨ੍ਹਾਂ ਕਿਹਾ ਕਿ 2014 ਦੀਆਂ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦੇ ਸਨ ਕਿ ਪਹਿਲੀ ਕੈਬਨਿਟ ਮੀਟਿੰਗ ਵਿੱਚ ਹੀ ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ 'ਤੇ ਲਕੀਰ ਮਾਰ ਦਿੱਤੀ ਜਾਵੇਗੀ ਤੇ ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਫਸਲਾਂ ਦੇ ਭਾਅ ਤੈਅ ਕੀਤੇ ਜਾਣਗੇ, ਜੋ ਸੋਸ਼ਲ ਮੀਡੀਆ ਦੇ ਪਲੇਟਫਾਰਮ 'ਤੇ ਅੱਜ ਵੀ ਉਨ੍ਹਾਂ ਦੇ ਬਿਆਨ ਸੁਣੇ ਜਾ ਸਕਦੇ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਮੰਗਣ ਲਈ ਕਿਸਾਨਾਂ ਵੱਲੋਂ ਥਾਂ ਥਾਂ ਬੀਜੇਪੀ ਦੇ ਉਮੀਦਵਾਰਾਂ ਨੂੰ ਖੜਾ ਕੇ ਜਵਾਬ ਮੰਗੇ ਜਾਣਗੇ ਤੇ ਆਉਣ ਵਾਲੇ ਦਿਨਾਂ ਵਿੱਚ ਅਸੀਂ ਜਵਾਬ ਨਾ ਦੇਣ ਵਾਲੇ ਇਨ੍ਹਾਂ ਫਸਲੀ ਬਟੇਰਿਆਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਵਾਂਗੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਜ਼ਿਲ੍ਹਾ ਖਜ਼ਾਨਚੀ ਗੁਰਾਂਦਿੱਤਾ ਸਿੰਘ ਨੰਬਰਦਾਰ, ਸੁਖਚਰਨ ਸਿੰਘ ਕਾਲਾ ਬਲਾਕ ਪ੍ਰਧਾਨ ਗੋਲੇਵਾਲਾ, ਸਰਿੰਦਰਪਾਲ ਸਿੰਘ ਪ੍ਰਧਾਨ ਜੈਤੋ, ਰਾਜਿੰਦਰ ਸਿੰਘ ਸਾਦਿਕ, ਬਲਜਿੰਦਰ ਸਿੰਘ ਵਾੜਾ ਭਾਈਕਾ, ਰਣਜੀਤ ਸਿੰਘ ਡੋਡ, ਵਿਪਨ ਸਿੰਘ ਸੋਖੋਂ ਢਿੱਡੇ ਕਲਾਂ, ਰੁਲਦੂ ਸਿੰਘ ਲੰਭਵਾਲੀ, ਰਾਜਾ ਸਿੰਘ ਡੋਡ ਤੋਂ ਇਲਾਵਾ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

ਸੰਵਿਧਾਨ ਤੇ ਲੋਕਤੰਤਰ ਦੀ ਬਹਾਲੀ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ : ਚੌਹਾਨ

ਮਾਨਸਾ (ਆਤਮਾ ਸਿੰਘ ਪਮਾਰ)-ਦੱਬੇ ਕੁਚਲੇ ਸਮਾਜ ਦੇ ਰਹਿਬਰ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ 133ਵੇਂ ਜਨਮ ਦਿਵਸ ਮੌਕੇ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ.ਪੀ.ਆਈ. ਤੇ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਭਾਜਪਾ ਹਰਾਓ-ਲੋਕਤੰਤਰ, ਸੰਵਿਧਾਨ ਤੇ ਦੇਸ਼ ਬਚਾਓ ਤਹਿਤ ਸ਼ਹਿਰੀ ਸਕੱਤਰ ਰਤਨ ਭੋਲਾ, ਨੌਜਵਾਨ ਆਗੂ ਹਰਪ੍ਰੀਤ ਮਾਨਸਾ ਤੇ ਇਸਤਰੀ ਸਭਾ ਦੇ ਸਰਪ੍ਰਸਤ ਅਰਵਿੰਦਰ ਕੌਰ ਦੇ ਪ੍ਰਧਾਨਗੀ ਮੰਡਲ ਹੇਠ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ. ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਲੋਕਤੰਤਰ ਤੇ ਸੰਵਿਧਾਨ ਦੀ ਬਹਾਲੀ ਲਈ ਭਾਜਪਾ ਨੂੰ ਹਰਾਉਣਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀ ਸੋਚ 'ਤੇ ਪਹਿਰਾ ਦੇਣਾ ਹੈ, ਕਿਉਂਕਿ ਸਮੇਂ ਦੀ ਹਕੂਮਤ ਆਰ.ਐੱਸ.ਐੱਸ. ਤੇ ਭਾਜਪਾ ਨੇ ਦੇਸ਼ ਅੰਦਰ ਫਿਰਕਾਪ੍ਰਸਤੀ ਦਾ ਜ਼ਹਿਰ ਉੱਗਲ ਕੇ ਭਾਈਚਾਰਕ ਸਾਂਝ ਨੂੰ ਖਤਮ ਕਰਨ ਦਾ ਜੋ ਬੀੜਾ ਚੁੱਕਿਆ ਗਿਆ ਹੈ, ਉਸ ਨਾਲ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਖਤਰਾ ਬਣਿਆ ਹੋਇਆ ਹੈ, ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖਤਰਨਾਕ ਸਿੱਧ ਹੋ ਰਿਹਾ ਹੈ। ਸਾਥੀ ਚੌਹਾਨ ਨੇ ਕਿਹਾ ਕਿ ਲੋਕਤੰਤਰੀ ਢਾਂਚੇ ਤੇ ਸੰਵਿਧਾਨਕ ਸੰਸਥਾਵਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਨੁਕਸਾਨ ਪਹੁੰਚਾ ਕੇ ਮਨੂੰ ਸਿਮਰਤੀ ਨੂੰ ਲਾਗੂ ਕਰਨਾ ਹੈ, ਜਦੋਂਕਿ ਦੇਸ਼ ਦੇ ਕਿਸਾਨ-ਮਜ਼ਦੂਰ, ਨੌਜਵਾਨ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ। 17ਵੀਂ ਲੋਕ ਸਭਾ ਚੋਣਾਂ ਮੌਕੇ ਭਾਜਪਾ ਤੇ ਐੱਨ.ਡੀ.ਏ. ਨੂੰ ਕਰਾਰੀ ਹਾਰ ਦੇ ਕੇ ਲੋਕਤੰਤਰ ਤੇ ਸੰਵਿਧਾਨ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ।

ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਤੇ ਇਸਤਰੀ ਸਭਾ ਦੇ ਮਨਜੀਤ ਕੌਰ ਦਲੇਲ ਸਿੰਘ ਵਾਲਾ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਭਾਜਪਾ ਤੇ ਹਮਾਇਤੀਆਂ ਨੂੰ ਚੋਣਾਂ ਸਮੇਂ ਕੀਤੇ ਵਾਅਦੇ ਤੇ ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ 'ਤੇ ਹੋਏ ਅੱਤਿਆਚਾਰ ਸਬੰਧੀ ਸਵਾਲ ਕਰਨ ਦੀ ਅਪੀਲ ਕੀਤੀ। ਨੌਜਵਾਨ ਆਗੂ ਹਰਪ੍ਰੀਤ ਸਿੰਘ ਮਾਨਸਾ ਤੇ ਜੋਤੀ ਕੌਰ ਨੇ ਦੋਸ਼ ਲਾਇਆ ਕਿ ਸੰਵਿਧਾਨ ਤਹਿਤ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਨਸਲਵਾਦ ਵੱਲ ਧੱਕ ਕੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੌਜਵਾਨਾਂ ਲਈ ਰੁਜ਼ਗਾਰ ਗਰੰਟੀ ਕਾਨੂੰਨ ਨੂੰ ਪਾਰਲੀਮੈਂਟ ਪਾਸ ਕਰਨ ਆਦਿ ਮੁੱਦਿਆਂ 'ਤੇ ਚਰਚਾ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਨਰਿੰਦਰ ਕੌਰ, ਬਲਵਿੰਦਰ ਕੋਟਧਰਮੂੰ, ਰਾਜ ਕੁਮਾਰ ਸ਼ਰਮਾ, ਸਾਧੂ ਰਾਮ, ਸੁਖਦੇਵ ਸਿੰਘ ਮਾਨਸਾ, ਲਾਭ ਸਿੰਘ ਮੰਢਾਲੀ ਉਸਾਰੀ ਮਜ਼ਦੂਰ ਯੂਨੀਅਨ, ਸੁਖਦੇਵ ਪੰਧੇਰ ਮਜ਼ਦੂਰ ਆਗੂ, ਮੁਖਤਿਆਰ ਖਿਆਲਾ, ਅਜੈਬ ਸਿੰਘ ਪੋਟਰ, ਬਲਵੀਰ ਭੋਲਾ, ਗੁਲਜ਼ਾਰ ਖਾਂ, ਗੁਰਦਿਆਲ ਸਿੰਘ, ਕ੍ਰਿਸ਼ਨ ਸ਼ਰਮਾ ਦਲੇਲ ਸਿੰਘ ਵਾਲਾ, ਧੰਨਾ ਸਿੰਘ ਬੱਪੀਆਣਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

ਪੀ ਐੱਸ ਯੂ ਵੱਲੋਂ ਸਮੂਹਕ ਬਲਾਤਕਾਰ ਦੀ ਘਟਨਾ ਖਿਲਾਫ ਰੋਸ ਪ੍ਰਦਰਸ਼ਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਸਰਕਾਰੀ ਰਿਪੁਦਮਨ ਕਾਲਜ ਦੀ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਨਾਲ ਹੋਏ ਸਮੂਹਕ ਬਲਾਤਕਾਰ ਦੀ ਘਟਨਾ ਵਿਰੁੱਧ ਸਰਕਾਰੀ ਕਿਰਤੀ ਕਾਲਜ ਨਿਆਲ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਦੌਰਾਨ ਜੁੜੇ ਇਕੱਠ ਨੂੰ ਪੀ ਐੱਸ ਯੂ ਦੇ ਜ਼ਿਲ੍ਹਾ ਆਗੂ ਸੈਂਟੀ ਟੋਡਰਪੁਰ ਤੇ ਅਕਸ਼ੇ ਘੱਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਤੇ ਮੰਦਭਾਗੀ ਘਟਨਾ ਹੈ। ਪੀੜਤ ਲੜਕੀ ਇੱਕ ਗਰੀਬ ਮਜ਼ਦੂਰ ਦੀ 18 ਸਾਲ ਦੀ ਧੀ, ਜੋ ਕਿਡਨੀ ਦੀ ਸਮੱਸਿਆ ਨਾਲ ਜੂਝ ਰਹੀ ਹੈ ਤੇ ਜਿਸ ਦਾ ਭਾਰ ਮਹਿਜ 32 ਕਿੱਲੋ ਹੈ, ਨਾਲ ਤਿੰਨ ਬਦਮਾਸ਼ ਮੁੰਡਿਆਂ ਵੱਲੋਂ ਦਿਨ-ਦਿਹਾੜੇ ਚੱਲਦੇ ਕਾਲਜ ਵਿੱਚ ਪ੍ਰਿੰਸੀਪਲ ਦਫ਼ਤਰ ਉੱਪਰ ਕਲਾਸ ਰੂਮ ਵਿੱਚ ਬਲਾਤਕਾਰ ਕੀਤਾ ਗਿਆ।ਇਸ ਮੰਦਭਾਗੀ ਘਟਨਾ ਵਾਲੇ ਦਿਨ ਨੂੰ ਕਾਲਾ ਦਿਨ ਮੰਨਿਆ ਜਾਣਾ ਚਾਹੀਦਾ ਹੈ।ਇਸ ਨੇ ਕਾਲਜਾਂ ਵਿੱਚ ਗੈਰ-ਅਕਾਦਮਿਕ ਤੇ ਔਰਤ ਵਿਰੋਧੀ ਮਾਹੌਲ ਤੋਂ ਪਰਦਾ ਚੁੱਕਿਆ ਹੈ।ਉਨ੍ਹਾਂ ਨਾਲ ਹੀ ਕਿਹਾ ਕਿ ਪੀੜਤ ਲੜਕੀ ਨੂੰ ਇਨਸਾਫ਼ ਦੇਣ ਲਈ ਫਾਸਟਰੈਕ ਕੋਰਟ ਰਾਹੀਂ ਜਲਦੀ ਇਨਸਾਫ਼ ਮਿਲਣਾ ਚਾਹੀਦਾ ਹੈ।ਇਸ ਮੌਕੇ ਮੰਗ ਕੀਤੀ ਕਿ ਕਾਲਜਾਂ ਦੇ ਅੰਦਰ ਲੜਕੀਆਂ ਲਈ ਸੁਖਾਵਾਂ ਮਾਹੌਲ ਪ੍ਰਦਾਨ ਕਰਕੇ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।ਇਸ ਮੌਕੇ ਗੁਰਦੀਪ ਕਲਵਾਨੂੰ, ਜਤਿੰਦਰ ਕੌਰ, ਨਿਕੀਤਾ, ਰਿੰਪੀ, ਗੁਰਪ੍ਰੀਤ ਤੋਂ ਇਲਾਵਾ ਹੋਰ ਵਿਦਿਆਰਥੀ ਹਾਜ਼ਰ ਰਹੇ।

ਕਾਤਰਾਂ

ਅੰਬੇਡਕਰ ਜੈਅੰਤੀ ਮੌਕੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਵੀਪਰ ਯੂਨੀਅਨ ਨਗਰ ਕੌਂਸਲ ਪਾਤੜਾਂ ਵੱਲੋਂ ਡਾਕਟਰ ਬੀ ਆਰ ਅੰਬੇਡਕਰ ਦੇ ਜਨਮ ਦਿਹਾੜੇ 'ਤੇ ਨਗਰ ਕੌਂਸਲ ਪਾਤੜਾਂ 'ਚ ਕਰਵਾਏ ਗਏ ਸੰਤਸੰਗ ਦੌਰਾਨ ਸਰਕਾਰੀ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ ਨੇ ਸ਼ਮੂਲੀਅਤ ਕੀਤੀ। ਸਮਾਗਮ 'ਚ ਸ਼ਾਮਲ ਵੱਖ ਵੱਖ ਸਰਕਾਰੀ ਸਕੂਲਾਂ ਦੇ 400 ਦੇ ਕਰੀਬ ਵਿਦਿਆਰਥੀਆਂ ਨੂੰ ਵੰਡਣ ਉਪਰੰਤ ਉਨ੍ਹਾਂ ਸਵੀਪਰ ਯੂਨੀਅਨ ਵੱਲੋਂ ਸਟੇਸ਼ਨਰੀ ਦੀ ਕੀਤੀ ਸੇਵਾ ਦੀ ਸ਼ਲਾਘਾ ਕਰਦਿਆਂ ਡਾਕਟਰ ਬੀ ਆਰ ਅੰਬੇਡਕਰ ਜੀ ਦੇ ਜਨਮ ਦਿਨ ਦੀ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਲੋੜਵੰਦ ਬੱਚਿਆਂ ਦੀ ਪੜ੍ਹਾਈ ਲਈ ਲੋੜੀਂਦੀ ਮਦਦ ਕਰਨਾ ਇੱਕ ਬਹੁਤ ਵੱਡਾ ਉਪਰਾਲਾ ਹੈ, ਜਿਸ ਨਾਲ ਬੱਚਿਆਂ ਨੂੰ ਮਦਦ ਮਿਲਣ ਨਾਲ ਉਹ ਆਪਣੀ ਪੜ੍ਹਾਈ ਨੂੰ ਪੂਰਾ ਕਰ ਸਕਦੇ ਹਨ।ਇਸ ਮੌਕੇ ਰਿੰਕੂ ਦਾਨਵ ਤੇ ਮਦਨ ਲਾਲ ਖਟਕੜ ਨੇ ਸੋਨੂੰ ਜਲੂਰ ਦਾ ਧੰਨਵਾਦ ਕੀਤਾ।ਇਸ ਮੌਕੇ ਦੀਵਾਨ ਜਿੰਦਲ, ਰਮੇਸ਼ ਕੁਮਾਰ, ਤਰੁਣ ਸਿੰਗਲਾ, ਬੱਬੀ ਸਿੰਗਲਾ ਤੇ ਗੋਗਾ ਸ਼ਰਮਾ ਮੌਜੂਦ ਸਨ।

ਲੱਖ ਦਾਤਾ ਪੀਰ ਦੇ ਦਰਬਾਰ 'ਤੇ ਸਾਲਾਨਾ ਜੋੜ ਮੇਲਾ 16 ਤੋਂ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੱਦੀ ਨਸ਼ੀਨ ਸਾਈਂ ਅਮਨ ਜੀ ਨੇ ਦੱਸਿਆ ਕਿ 16, 17 ਤੇ 18 ਅਪ੍ਰੈਲ ਨੂੰ ਮਾਛੀਵਾੜਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਧੂਮਧਾਮ ਨਾਲ ਸਾਲਾਨਾ ਜੋੜ ਮੇਲਾ ਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸੰਤ ਮਹਾਂਪੁਰਸ਼ ਵੀ ਪਹੁੰਚ ਰਹੇ ਹਨ।ਇਸ ਮੌਕੇ ਮਸ਼ਹੂਰ ਕੱਵਾਲ ਪਾਰਟੀ ਪ੍ਰਵੇਜ ਖਾਨ ਮਲੇਰਕੋਟਲਾ ਤੋਂ ਵੀ ਪਹੁੰਚ ਰਹੇ ਨੇ ਅਤੇ ਨਕਲਾਂ ਦਾ ਪ੍ਰੋਗਰਾਮ ਵੀ ਕਰਵਾਇਆ ਜਾ ਰਿਹਾ ਹੈ।ਸਾਈਂ ਅਮਨ ਜੀ ਨੇ ਦੱਸਿਆ ਕਿ 16 ਅਪ੍ਰੈਲ ਮੰਗਲਵਾਰ ਨੂੰ ਮਹਿੰਦੀ ਦੀ ਰਸਮ ਤੇ ਬੁੱਧਵਾਰ ਨੂੰ ਬੇੜੇ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ 18 ਅਪ੍ਰੈਲ ਨੂੰ ਮੇਲਾ ਮਨਾਇਆ ਜਾਵੇਗਾ।ਉਨ੍ਹਾਂ ਸਾਰੀਆਂ ਸੰਗਤਾਂ ਨੂੰ ਮੇਲੇ ਵਿੱਚ ਆਉਣ ਲਈ ਖੁੱਲ੍ਹਾ ਸੱਦਾ ਦਿੱਤਾ।

ਸੀਨੀਅਰ ਸਿਟੀਜ਼ਨ ਵੋਟਰਾਂ ਦੀ ਬੈਠਕ ਭਲਕੇ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਚਲਾਏ ਜਾ ਰਹੇ ਸਵੀਪ ਵੋਟਰ ਜਾਗਰੂਕਤਾ ਪ੍ਰੋਗਰਾਮਾਂ ਤਹਿਤ ਲੋਕ ਸਭਾ ਚੋਣਾਂ-2024 ਦੇ ਸਨਮੁੱਖ ਸਵੀਪ ਸੀਨੀਅਰ ਸਿਟੀਜਨ ਬੈਠਕ-2024 ਦਾ ਆਯੋਜਨ 15 ਅਪ੍ਰੈਲ ਸਵੇਰੇ 11 ਵਜੇ ਕੀਤਾ ਜਾ ਰਿਹਾ ਹੈ।ਇਸ ਬੈਠਕ ਵਿੱਚ ਸ਼ਹਿਰ ਸਮੇਤ ਹਲਕੇ ਦੇ ਸੀਨੀਅਰ ਸਿਟੀਜਨ, ਵੱਖ-ਵੱਖ ਰਿਟਾਇਰਡ ਸਨਮਾਨਯੋਗ ਅਹੁਦੇਦਾਰ, ਪੈਨਸ਼ਨਰ ਆਗੂ ਵਿਸ਼ੇਸ਼ ਤੌਰ 'ਤੇ ਭਾਗ ਲੈਣਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਵੀਪ ਕੋਆਰਡੀਨੇਟਰ ਪਰਵਿੰਦਰ ਸਿੰਘ ਲਾਲਚੀਆਂ ਨੇ ਦੱਸਿਆ ਕਿ ਸਕੂਲ ਆਫ ਐਮੀਨੈਂਸ ਵਿਖੇ ਪ੍ਰਿੰਸੀਪਲ ਕਰਨ ਸਿੰਘ ਧਾਲੀਵਾਲ, ਜ਼ੋਨਲ ਅਫਸਰ ਸਮੇਤ ਤਹਿਸੀਲ ਦੇ ਸੀਨੀਅਰ ਅਫਸਰ ਸਾਹਿਬਾਨ ਇਸ ਸਭਾ ਨੂੰ ਸੰਬੋਧਨ ਕਰਨਗੇ।ਇਸ ਮੀਟਿੰਗ ਵਿੱਚ ਲੋਕਤੰਤਰ ਦੀ ਵਿਰਾਸਤ ਦਾ ਸਨਮਾਨ, ਸਾਡੇ ਬਜ਼ੁਰਗ ਸਾਡਾ ਮਾਣ ਦੇ ਥੀਮ ਦੇ ਅੰਤਰਗਤ ਉਮਰਾਂ ਦਾ ਤਜਰਬਾ ਹਾਸਲ ਕਰਕੇ ਵੋਟਰ ਜਾਗਰੂਕਤਾ ਮੁਹਿੰਮ ਵਿੱਚ ਸੀਨੀਅਰ ਸਿਟੀਜਨ ਦੀ ਰੌਣਕ ਵਧਾਉਣ, ਡੂੰਘੇ ਵਿਚਾਰ ਤੇ ਸਿਖਰਲੀਆਂ ਰਮਜ਼ਾਂ ਸਮਝਣ ਲਈ ਭਰਵੀਂ ਇਕੱਤਰਤਾ ਲਈ ਸੱਦੇ ਭੇਜੇ ਜਾ ਰਹੇ ਹਨ।

ਸਟੱਡੀ ਸਰਕਲ ਵੱਲੋਂ ਦਸਤਾਰ, ਦੁਮਾਲਾ ਸਜਾਉਣ ਮੁਕਾਬਲੇ 16 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਸਮਾਗਮਾਂ ਦੀ ਲੜੀ ਵਿੱਚ ਸਥਾਨਕ ਜ਼ੋਨਲ ਦਫਤਰ ਬੱਡਰੁਖਾਂ ਰੋਡ ਵਿਖੇ ਦਸਤਾਰ ਸਜਾਉਣ ਤੇ ਦੁਮਾਲਾ ਸਜਾਉਣ ਮੁਕਾਬਲੇ 16 ਅਪ੍ਰੈਲ ਨੂੰ ਸਵੇਰੇ 10 ਵਜੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਸੁਰਿੰਦਰਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ ਸਕੱਤਰ ਦੀ ਨਿਗਰਾਨੀ ਹੇਠ ਵਿਸ਼ੇਸ਼ ਤਿਆਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਅਜਮੇਰ ਸਿੰਘ ਡਿਪਟੀ ਡਾਇਰੈਕਟਰ, ਗੁਰਮੇ

14-APRIL-PAGE-5.qxd 4/13/2024 9:27 PM Page 1

ਮੋਟਰਸਾਈਕਲ ਚੋਰ ਗਰੋਹ ਗ੍ਰਿਫ਼ਤਾਰ, 12 ਵਹੀਕਲ ਬਰਾਮਦ

ਮਾਲੇਰਕੋਟਲਾ (ਅਸਗਰ ਪਰਿਹਾਰ)

ਐੱਸ.ਐੱਸ.ਪੀ. ਮਾਲੇਰਕੋਟਲਾ ਡਾ. ਸਿਮਰਤ ਕੌਰ ਵੱਲੋਂ ਮਾੜੇ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਸੀ.ਆਈ.ਏ. ਮਾਹੋਰਾਣਾ ਦੀ ਪੁਲਸ ਟੀਮ ਨੇ ਇੱਕ ਚੋਰ ਗਰੋਹ ਨੂੰ ਵੱਡੀ ਗਿਣਤੀ 'ਚ ਵੱਖ-ਵੱਖ ਇਲਾਕਿਆਂ ਤੋਂ ਚੋਰੀ ਕੀਤੇ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ।

ਐੱਸ.ਪੀ. ਇੰਨਵੈਸਟੀਗੇਸ਼ਨ ਸ੍ਰੀ ਵੈਭਵ ਸਹਿਗਲ ਨੇ ਆਪਣੇ ਦਫਤਰ 'ਚ ਬੁਲਾਈ ਗਈ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਡਾ. ਸਿਮਰਤ ਕੌਰ ਦੀਆਂ ਹਦਾਇਤਾਂ ਮੁਤਾਬਕ ਮਾੜੇ ਅਨਸਰਾਂ ਖਿਲਾਫ ਸ਼ਿਕੰਜਾ ਕਸਦਿਆਂ ਕੀਤੀ ਗਈ ਕਾਰਵਾਈ ਦੌਰਾਨ ਸੀ.ਆਈ.ਏ. ਮਾਹੋਰਾਣਾ ਦੇ ਇੰਚਾਰਜ ਇੰਸਪੈਕਟਰ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਜਗਤਾਰ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਲਈ ਜਦੋਂ ਸਰਕਾਰੀ ਸਕੂਲ ਨਾਭਾ-ਮਾਲੇਰਕੋਟਲਾ ਰੋਡ 'ਤੇ ਮੌਜੂਦ ਸੀ ਤਾਂ ਉਨ੍ਹਾਂ ਨੂੰ ਮੁਖਬਰ ਵੱਲੋਂ ਦਿੱਤੀ ਗਈ ਗੁਪਤ ਸੂਚਨਾ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਚਾਰ ਵਿਅਕਤੀਆਂ ਅਸਲਮ ਮੁਹੰਮਦ ਉਰਫ ਆਸ਼ੂ ਪੁੱਤਰ ਗੁਰਜੰਟ ਖਾਂ ਵਾਸੀ ਨੇੜੇ ਭੂਰੇ ਦੀ ਚੱਕੀ ਧੂਰੀ ਰੋਡ ਬਾਗੜੀਆਂ, ਗਗਨਦੀਪ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਨੇੜੇ ਪ੍ਰਾਇਮਰੀ ਸਕੂਲ ਬਾਗੜੀਆਂ, ਕਮਲ ਕੁਮਾਰ ਉਰਫ ਨੰਦੂ ਪੁੱਤਰ ਕੁਲਵੰਤ ਰਾਏ ਵਾਸੀ ਨਵੀਂ ਬਸਤੀ ਗਲੀ ਨੰਬਰ-2 ਮੈਹਸ ਗੇਟ ਨਾਭਾ ਹਾਲ ਅਬਾਦ ਕਿਰਾਏਦਾਰ ਨੇੜੇ ਜੀਰੂ ਦਾ ਢਾਬਾ ਮਾਲੇਰਕੋਟਲਾ ਤੇ ਅਜੈ ਸਿੰਘ ਉਰਫ ਸਾਲੂ ਪੁੱਤਰ ਹਰਵਿੱਕਰ ਸਿੰਘ ਵਾਸੀ ਧਾਨਕ ਬਸਤੀ ਬੌੜਾ ਗੇਟ ਨਾਭਾ ਜ਼ਿਲ੍ਹਾ ਪਟਿਆਲਾ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਦੇ ਕਬਜ਼ੇ 'ਚੋਂ ਵੱਖ-ਵੱਖ ਥਾਵਾਂ ਤੋਂ ਚੋਰੀ ਕੀਤੇ ਹੋਏ ਬਿਨਾਂ ਨੰਬਰ ਵਾਲੇ 12 ਮੋਟਰਸਾਈਕਲ ਬਰਾਮਦ ਕੀਤੇ ਗਏ ਹਨ।ਇਨ੍ਹਾਂ ਕਥਿਤ ਦੋਸ਼ੀਆਂ ਤੋਂ ਸਖਤੀ ਨਾਲ ਕੀਤੀ ਗਈ ਪੁੱਛ-ਗਿੱਛ ਦੇ ਅਧਾਰ 'ਤੇ ਪੁਲਸ ਵੱਲੋਂ ਸੁਖਦੇਵ ਸਿੰਘ ਉਰਫ ਸੇਬੀ ਪੁੱਤਰ ਬੇਧਾਵਾ ਰਾਮ ਵਾਸੀ ਬਾਜੀਗਰ ਬਸਤੀ ਲਾਂਗੜੀਆਂ ਥਾਣਾ ਅਮਰਗੜ੍ਹ ਨੂੰ ਮੁਕੱਦਮੇ 'ਚ ਨਾਮਜ਼ਦ ਕੀਤਾ ਗਿਆ ਹੈ, ਜਿਸ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਰਹਿੰਦੀ ਹੈ।ਇਨ੍ਹਾਂ ਚਾਰੇ ਮੁਲਜ਼ਮਾਂ ਖਿਲਾਫ ਚੋਰੀ ਦੀਆਂ ਧਾਰਾਵਾਂ ਤਹਿਤ ਥਾਣਾ ਅਮਰਗੜ੍ਹ ਵਿਖੇ ਮੁਕੱਦਮਾ ਦਰਜ ਕਰਨ ਉਪਰੰਤ ਇਨ੍ਹਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ 24 ਘੰਟੇ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।ਇਨ੍ਹਾਂ ਤੋਂ ਹੋਰ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ ਤੇ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

ਮਿਮਿਟ ਕਾਲਜ ਦੇ 200 ਕਰਮਚਾਰੀਆਂ ਤੇ ਵਿਦਿਆਰਥੀਆਂ ਦਾ ਭਵਿੱਖ ਖਤਰੇ 'ਚ !

ਏ ਆਈ ਸੀ ਟੀ ਈ ਵੱਲੋਂ ਕੀਤੀ ਜਾ ਸਕਦੀ ਹੈ ਮਾਨਤਾ ਰੱਦ, ਦਾਖਲੇ 'ਤੇ ਰੋਕ

ਮਲੋਟ ਦਾ ਸਰਕਾਰੀ ਕਾਲਜ ਮਿਮਿਟ, ਜਿਸ ਦਾ ਭਵਿੱਖ ਖਤਰੇ ਵਿੱਚ ਹੈ।

ਮਲੋਟ (ਗੁਰਮੀਤ ਸਿੰਘ ਮੱਕੜ)

ਸਿਆਸੀ ਦਖਲ-ਅੰਦਾਜ਼ੀ ਕਰਕੇ ਸਥਾਨਕ ਸ਼ਹਿਰ ਦੇ ਇੱਕੋ ਇੱਕ ਸਰਕਾਰੀ ਸੰਸਥਾ ਦੇ ਮਿਮਿਟ ਕਾਲਜ ਦੇ ਲਗਭਗ 200 ਕਰਮਚਾਰੀ ਤੇ 1200 ਵਿਦਿਆਰਥੀਆਂ ਦੇ ਭਵਿੱਖ 'ਤੇ ਖਤਰੇ ਦੀ ਘੰਟੀ ਲਟਕ ਗਈ ਹੈ। ਜ਼ਿਕਰਯੋਗ ਹੈ ਕਿ ਇਸ ਸੰਸਥਾ ਦੇ ਪ੍ਰਿੰਸੀਪਲ ਜੋ ਕਿ ਨਿਯਮਾਂ ਅਨੁਸਾਰ ਆਪਣੀ ਯੋਗਤਾ ਪੂਰੀ ਨਹੀਂ ਕਰਦਾ, ਪਿਛਲੇ ਦੋ ਸਾਲਾਂ ਤੋਂ ਆਪਣੇ ਸਿਆਸੀ ਅਕਾਵਾਂ ਤੇ ਅਫ਼ਸਰਸ਼ਾਹੀ ਨਾਲ ਮਿਲ ਕੇ ਪ੍ਰਿੰਸੀਪਲ ਦੀ ਕੁਰਸੀ 'ਤੇ ਬਿਰਾਜ਼ਮਾਨ ਹੈ, ਜਿਸ ਦੀਆਂ ਸ਼ਿਕਾਇਤਾਂ ਵਾਰ-ਵਾਰ ਸਟਾਫ਼ ਵੱਲੋਂ ਕਰਨ 'ਤੇ ਕੋਈ ਸੁਣਵਾਈ ਨਹੀਂ ਹੋਈ ਅਤੇ ਇਸੇ ਕਾਲਜ ਦੀ ਪ੍ਰੋਫ਼ੈਸਰ ਰਾਜਿੰਦਰ ਕੌਰ ਨੇ ਇੱਕ ਸਿਵਲ ਪਟੀਸ਼ਨ ਨੰ. ਸੀ ਡਬਲਯੂ ਪੀ/5386/2024 ਰਾਹੀਂ ਆਪਣੇ ਵਕੀਲ ਐੱਚ ਸੀ ਅਰੋੜਾ ਰਾਹੀਂ ਇੱਕ ਰਿੱਟ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਲਗਾਈ, ਜਿਸ 'ਤੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਖਤ ਨੋਟਿਸ ਲੈਂਦੇ ਹੋਏ ਐੱਸ.ਆਈ.ਐੱਮ.ਆਈ.ਟੀ. ਖਿਲਾਫ਼ ਕਾਰਵਾਈ ਕਰਨ ਲਈ ਆਲ ਇੰਡੀਆ ਕੌਂਸਲ ਫ਼ਾਰ ਟੈਕਨੀਕਲ ਐਜੂਕੇਸ਼ਨ ਨਵੀਂ ਦਿੱਲੀ ਨੂੰ ਨਿਰਦੇਸ਼ ਦਿੱਤੇ ਕਿ ਉਹ ਪੰਜਾਬ ਸਰਕਾਰ ਤੇ ਏ.ਆਈ.ਸੀ.ਟੀ.ਈ. ਨੂੰ ਨੋਟਿਸ ਜਾਰੀ ਕਰੇ। ਏ.ਆਈ.ਸੀ.ਟੀ.ਈ. ਦੇ ਨਿਯਮਾਂ ਅਨੁਸਾਰ ਅਜਿਹੀਆਂ ਸੰਸਥਾਵਾਂ ਨੂੰ ਯੋਗ ਪ੍ਰਿੰਸੀਪਲ ਨਿਯੁਕਤ ਕਰਨਾ ਹੁੰਦਾ ਹੈ ਤੇ ਜੇਕਰ ਲੋੜ ਪੈਂਦੀ ਹੈ ਤਾਂ ਇਸ ਦਾ ਆਰਜ਼ੀ ਚਾਰਜ ਕਿਸੇ ਵਿਅਕਤੀ ਨੂੰ 12 ਮਹੀਨੇ ਤੋਂ ਵੱਧ ਨਹੀਂ ਦੇ ਸਕਦੇ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਏ.ਆਈ.ਸੀ.ਟੀ.ਈ. ਅਜਿਹੀਆਂ ਸੰਸਥਾਵਾਂ ਦੇ ਪ੍ਰਬੰਧਕਾਂ ਖਿਲਾਫ਼ ਅਪਰਾਧਿਕ ਕਾਰਵਾਈ ਕਰ ਸਕਦਾ ਹੈ, ਜਿਸ 'ਤੇ ਸੰਸਥਾ ਵਿੱਚ ਵਿਦਿਆਰਥੀਆਂ ਦਾ ਦਾਖਲਾ ਰੋਕਣਾ ਤੇ ਸੰਸਥਾ ਦੀ ਮਾਨਤਾ ਰੱਦ ਕਰਨਾ ਸ਼ਾਮਲ ਹੈ, ਜਦਕਿ ਐੱਮ.ਆਈ.ਐੱਸ.ਆਈ.ਟੀ. 31 ਮਈ 2022 ਤੋਂ ਆਰਜ਼ੀ ਪ੍ਰਿੰਸੀਪਲ ਅਹੁਦੇ 'ਤੇ ਤਾਇਨਾਤ ਪ੍ਰੋਫ਼ੈਸਰ ਜਸਕਰਨ ਸਿੰਘ ਭੁੱਲਰ ਨੂੰ ਦੇ ਰਿਹਾ ਹੈ, ਜੋ ਕਿ ਏ.ਆਈ.ਸੀ.ਟੀ.ਈ. ਵੱਲੋਂ ਬਣਾਏ ਨਿਯਮਾਂ ਦੀ ਉਲੰਘਣਾ ਹੈ। ਰਿਟ ਦਾਇਰ ਕਰਨ ਵਾਲੇ ਪ੍ਰੋਫ਼ੈਸਰ ਨੇ ਮੰਗ ਕੀਤੀ ਕਿ ਡਾ. ਭੁੱਲਰ ਨੂੰ ਤੁਰੰਤ ਅਹੁਦੇ ਤੋਂ ਹਟਾਇਆ ਜਾਵੇ ਤੇ ਇਸ ਸੰਸਥਾ ਵਿੱਚ ਪੱਕਾ ਯੋਗ ਪ੍ਰਿੰਸੀਪਲ ਨਿਯੁਕਤ ਕੀਤਾ ਜਾਵੇ। ਇਸ ਦੀ ਅਗਲੀ ਤਾਰੀਖ 1 ਮਈ 2024 ਹੈ। ਜੇਕਰ ਐੱਸ.ਆਈ.ਐੱਮ.ਆਈ.ਟੀ. ਪ੍ਰਿੰਸੀਪਲ ਨੂੰ ਅਹੁਦੇ ਤੋਂ ਮੁਕਤ ਨਹੀਂ ਕਰਦਾ ਤਾਂ ਏ.ਆਈ.ਸੀ.ਟੀ.ਈ. ਸੰਸਥਾ ਦੀ ਮਾਨਤਾ ਰੱਦ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਦਾ ਦਾਖਲਾ ਤੁਰੰਤ ਰੋਕ ਸਕਦਾ ਹੈ। ਹੁਣ ਇਸ ਦੀ ਤਲਵਾਰ ਵਿਦਿਆਰਥੀਆਂ ਤੇ ਸਟਾਫ਼ 'ਤੇ ਲਟਕ ਗਈ ਹੈ, ਜੇਕਰ ਸਿਆਸੀ ਦਖਲਅੰਦਾਜ਼ੀ ਤੇ ਅਫ਼ਸਰਸ਼ਾਹੀ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਕਾਲਜ ਦਾ ਭਵਿੱਖ ਤਬਾਹ ਹੋ ਜਾਵੇਗਾ।

ਹੋਲੀ ਹਾਰਟ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਵੱਖ ਵੱਖ ਤਰ੍ਹਾਂ ਦੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ। ਬੱਚਿਆਂ ਵੱਲੋਂ ਮਜ਼ੇਦਾਰ ਗਤੀਵਿਧੀਆਂ ਵੀ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ੈਅਰ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਵਿਸਾਖੀ ਦੇ ਤਿਉਹਾਰ ਬਾਰੇ ਬੱਚਿਆਂ ਨੂੰ ਦੱਸਦੇ ਹੋਏ ਕਿਹਾ ਕਿ ਵਿਸਾਖੀ ਦਾ ਤਿਉਹਾਰ ਭਾਰਤੀ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸ਼ੇਸ਼ ਕਰਕੇ ਸਿੱਖ ਇਤਿਹਾਸ ਵਿੱਚ ਇਸ ਦਿਨ ਨੂੰ ਖਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਆਮ ਤੌਰ 'ਤੇ ਇਹ ਤਿਉਹਾਰ ਹਾੜ੍ਹੀ ਦੀ ਫਸਲ ਪੱਕਣ ਦੀ ਖੁਸ਼ੀ ਵਿੱਚ ਵੀ ਮਨਾਇਆ ਜਾਂਦਾ ਹੈ। ਇਸ ਨੂੰ ਕਿਸਾਨਾਂ ਦਾ ਮੇਲਾ ਵੀ ਕਿਹਾ ਜਾਂਦਾ ਹੈ। ਇਸ ਦਿਨ ਕਈ ਥਾਵਾਂ 'ਤੇ ਭਾਰੀ ਮੇਲੇ ਆਦਿ ਵੀ ਲੱਗਦੇ ਹਨ ਤੇ ਕਈ ਗੁਰਦੁਆਰਿਆਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ। ਇਸ ਸਮੇਂ ਸਾਰਾ ਸਕੂਲ ਸਟਾਫ ਹਾਜ਼ਰ ਸੀ।

ਸਵਾਮੀ ਰੂਪ ਚੰਦ ਜੈਨ ਸਕੂਲ 'ਚ ਵਿਸਾਖੀ ਦਾ ਦਿਹਾੜਾ ਮਨਾਇਆ

ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਸਵਾਮੀ ਰੂਪ ਚੰਦ ਜੈਨ ਸਕੂਲ ਵਿੱਚ ਪ੍ਰਿੰਸੀਪਲ ਰਾਜਪਾਲ ਕੌਰ ਦੀ ਅਗਵਾਈ ਤੇ ਸਕੂਲ ਮੈਨੇਜਮੈਂਟ ਦੇ ਸਹਿਯੋਗ ਸਦਕਾ ਵਿਸਾਖੀ ਦਾ ਤਿਉਹਾਰ ਬਹੁਤ ਹੀ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ। ਤਿਉਹਾਰਾਂ ਨੂੰ ਸਕੂਲ ਵਿੱਚ ਮਨਾਉਣ ਦਾ ਮੁੱਖ ਮੰਤਵ ਬੱਚਿਆਂ ਨੂੰ ਇਨ੍ਹਾਂ ਦੇ ਇਤਿਹਾਸ ਤੇ ਮਨਾਉਣ ਦੇ ਕਾਰਨਾਂ ਬਾਰੇ ਜਾਣਕਾਰੀ ਦੇਣਾ ਹੁੰਦਾ ਹੈ। ਇਸ ਦਿਨ ਸਕੂਲ ਨੂੰ ਪੰਜਾਬੀ ਸੱਭਿਆਚਾਰ, ਵਿਰਸੇ ਨਾਲ ਸੰਬੰਧਤ ਕਈ ਤਰ੍ਹਾਂ ਦੀਆਂ ਕਲਾ ਕ੍ਰਿਤੀਆਂ ਨਾਲ ਸਜਾਇਆ ਗਿਆ। ਸਟੇਜ 'ਤੇ ਟੈਂਟ ਲਗਾ ਕੇ ਸੱਭਿਆਚਾਰਕ ਵਿਰਸੇ ਨੂੰ ਦਰਸਾਉਣ ਲਈ ਪੁਰਾਤਨ ਵਸਤਾਂ ਚਰਖਾ, ਪੱਖੀਆਂ, ਫੁਲਕਾਰੀਆਂ, ਚੁੱਲੇ, ਭੜੋਲੀਆਂ ਆਦਿ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਆਰਟ ਕਰਾਫਟ ਤੇ ਹੋਮ ਸਾਇੰਸ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰ ਨਾਲ ਸੰਬੰਧਤ ਆਪਣੀ ਸੁੰਦਰ ਕਲਾ ਦਾ ਖੂਬ ਪ੍ਰਦਰਸ਼ਨ ਕੀਤਾ ਗਿਆ। ਵੰਗਾਂ ਤੇ ਹੋਰ ਨਕਲੀ ਗਹਿਣਿਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਸਭਾ ਵਿੱਚ ਵਿਸਾਖੀ ਦੀ ਇਤਿਹਾਸਕ ਮੱਹਤਤਾ 'ਤੇ ਚਾਨਣਾ ਪਾ ਕੇ ਕੀਤੀ ਗਈ। ਇਸ ਉਪਰੰਤ ਬੱਚਿਆਂ ਵੱਲੋਂ ਰੰਗ ਮੰਚ 'ਤੇ ਫੈਂਸੀ ਡਰੈੱਸ ਮੁਕਾਬਲੇ, ਗੀਤ, ਕਵੀਸ਼ਰੀ, ਵੈਲਕਮ ਸੌਂਗ, ਸਪੀਚ, ਢਾਡੀ ਵਾਰਾਂ, ਸਕਿੱਟ, ਕਵਿਤਾ, ਗਿੱਧਾ, ਭੰਗੜਾ, ਗੱਤਕਾ ਆਦਿ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤੇ ਗਏ। ਬੱਚੇ ਸੱਭਿਆਚਾਰਕ ਪਹਿਰਾਵੇ ਕੁੜਤੇ, ਪਜਾਮਿਆਂ, ਰੰਗ ਬਰੰਗੀਆਂ ਪੱਗਾਂ ਤੇ ਕੁੜੀਆਂ ਪੰਜਾਬੀ ਸੂਟਾਂ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ। ਸਕੂਲ ਮੈਨੇਜਮੈਂਟ ਨੇ ਵੀ ਇਸ ਮੌਕੇ ਪਹੁੰਚ ਕੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਸਾਰਿਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ।

ਮਾਡਰਨ ਕਾਲਜ ਬੀਰ ਕਲਾਂ 'ਚ ਜਪੁਜੀ ਸਾਹਿਬ ਦੇ ਪਾਠ

ਚੀਮਾ ਮੰਡੀ (ਰਵਿੰਦਰ ਚੀਮਾ)-ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਜਪੁਜੀ ਸਾਹਿਬ ਦੇ ਪਾਠ ਹੋਏ ਤੇ ਭੋਗ ਪਾਏ ਗਏ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਬਾਣੀ ਦਾ ਜਾਪ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਕਿਹਾ ਕਿ ਕਾਲਜ ਦੀ ਬਿਹਤਰੀ ਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਇਹ ਧਾਰਮਿਕ ਸਮਾਗਮ ਕਰਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਤੇ ਖਾਲਸਾ ਪੰਥ ਦੀ ਸਾਜਨਾ ਦੇ ਸੰਬੰਧ ਵਿੱਚ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰ ਨਵਜੋਤ ਕੌਰ ਤੇ ਰਜਿੰਦਰ ਕੌਰ ਮੈਡਮ ਨੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੈਡਮ ਗਗਨਦੀਪ ਕੌਰ, ਮੈਡਮ ਹਰਜੀਤ ਕੌਰ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆਂ ਦਾ ਵਫਦ ਅਮਨ ਅਰੋੜਾ ਨੂੰ ਮਿਲਿਆ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)-ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆਂ ਦਾ ਇੱਕ ਵਫਦ ਕੈਬਿਨਟ ਮੰਤਰੀ ਅਮਨ ਅਰੋੜਾ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲਿਆ। ਵਫਦ ਵੱਲੋਂ ਕੈਬਿਨਟ ਮੰਤਰੀ ਨੂੰ 14 ਮਾਰਚ ਦੀ ਮੀਟਿੰਗ ਵਿੱਚ ਰੈਗੂਲਰ ਤੇ ਤਨਖਾਹ ਕਟੌਤੀ ਦੇ ਹੋਏ ਫੈਸਲੇ ਲਾਗੂ ਕਰਨ ਲਈ ਕਿਹਾ ਗਿਆ। ਵਫਦ ਨੇ ਕੈਬਿਨਟ ਮੰਤਰੀ ਨੂੰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਕੈਬਨਿਟ ਸਬ ਕਮੇਟੀ ਵੱਲੋਂ ਕੀਤੇ ਫੈਸਲਿਆਂ ਨੂੰ ਅਧਿਕਾਰੀ ਲਾਗੂ ਨਹੀਂ ਕਰ ਰਹੇ, ਜਿਸ 'ਤੇ ਕੈਬਨਿਟ ਮੰਤਰੀ ਵੱਲੋਂ ਮੌਕੇ 'ਤੇ ਹੀ ਉੱਚ ਅਧਿਕਾਰੀਆਂ ਨੂੰ ਫੋਨ ਕਰਕੇ ਮਸਲੇ 'ਤੇ ਕਾਰਵਾਈ ਸਬੰਧੀ ਜਾਣਕਾਰੀ ਲਈ ਤੇ ਕਾਰਵਾਈ 'ਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਆਗੂਆਂ ਨੇ ਕਿਹਾ ਕਿ ਮੰਤਰੀ ਸਾਹਿਬ ਨੇ ਵਿਸ਼ਵਾਸ ਦੁਆਇਆ ਕਿ ਸਰਕਾਰ ਹਰ ਵਾਅਦੇ ਅਨੁਸਾਰ ਕੰਮ ਕਰਨ ਲਈ ਪੂਰੀ ਵਚਨਬੱਧ ਹੈ ਤੇ ਜਥੇਬੰਦੀ ਦੀ ਅਗਲੇ ਹਫਤੇ ਵਿੱਤ ਮੰਤਰੀ ਨਾਲ ਮੀਟਿੰਗ ਕਰਵਾ ਕੇ ਮਸਲੇ ਹੱਲ ਕੀਤੇ ਜਾਣਗੇ।

ਪਰਮਜੀਤ ਕੈਂਥ ਨੂੰ ਹਲਕਾ ਇੰਚਾਰਜ ਲਗਾਉਣ ਦਾ ਸਵਾਗਤ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦਲਿਤ ਚੇਤਨਾ ਮੰਚ ਦੇ ਪ੍ਰਧਾਨ ਪ੍ਰੋਫੈਸਰ ਅਰੁਣ ਕੁਮਾਰ, ਨੈਸ਼ਨਲ ਸ਼ਡਿਊਲਡ ਕਾਸਟਜ਼ ਅਲਾਇੰਸ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਭੱਟੀ, ਡਾ. ਅੰਬੇਦਕਰ ਵਿਚਾਰ ਮਿਸ਼ਨ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਰਾਣਾ ਤੇ ਦਲਿਤ ਕੌਂਸਲ ਆਫ ਪੰਜਾਬ ਦੇ ਪ੍ਰਧਾਨ ਪਰਮਿੰਦਰ ਕੁਮਾਰ ਬੱਸੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਪੰਜਾਬ ਦੇ ਪ੍ਰਮੁੱਖ ਦਲਿਤ ਲੀਡਰ

page-6-14-Apri.-2024-MB.qxd 4/13/2024 10:34 PM Page 1

ਬਿਜਲੀ ਕਾਮਿਆਂ ਦੀ ਏਟਕ ਜਥੇਬੰਦੀ ਨੇ ਰੱਖਿਆ ਦਫਤਰ ਦਾ ਨੀਂਹ ਪੱਥਰ

ਲੁਧਿਆਣਾ (ਨਜ਼ਸ)-ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਦੇ ਸਥਾਨਕ ਪੂਰਬ ਅਤੇ ਪੱਛਮ ਸਰਕਲਾਂ ਵੱਲੋਂ ਸਾਂਝੇ ਤੌਰ 'ਤੇ ਜਥੇਬੰਦਕ ਸਰਗਰਮੀਆਂ ਵਾਸਤੇ ਬੱਸ ਸਟੈਂਡ ਦੇ ਨਜ਼ਦੀਕ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਦੀ ਤੀਸਰੀ ਮੰਜ਼ਿਲ 'ਤੇ ਸ਼ਾਨਦਾਰ ਦਫਤਰ ਬਣਾਉਣ ਦਾ ਨੀਂਹ ਪੱਥਰ ਜਥੇਬੰਦੀ ਦੇ ਸੂਬਾ ਪ੍ਰਧਾਨ ਕਾਮਰੇਡ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਸੀਨੀਅਰ ਆਗੂਆਂ ਦੇ ਸਹਿਯੋਗ ਨਾਲ ਰੱਖਿਆ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਪਾਵਰਕਾਮ/ਟਰਾਂਸਕੋ ਪੈਨਸ਼ਨ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਧੇਸ਼ਿਆਮ, ਸੀਨੀਅਰ ਮੀਤ ਪ੍ਰਧਾਨ ਕਾਮਰੇਡ ਚਮਕੌਰ ਸਿੰਘ, ਸੂਬਾ ਆਗੂ ਕਾਮਰੇਡ ਕੇਵਲ ਸਿੰਘ ਬਨਵੈਤ, ਜਥੇਬੰਦੀ ਫੈਡਰੇਸ਼ਨ ਏਟਕ ਪੰਜਾਬ ਦੇ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਤੋਂ ਇਲਾਵਾ ਉਘੇ ਟਰੇਡ ਯੂਨੀਅਨ ਆਗੂ ਡਾਕਟਰ ਅਰੁਣ ਮਿੱਤਰਾ, ਕਾਮਰੇਡ ਡੀ. ਪੀ. ਮੌੜ, ਕਾਮਰੇਡ ਰਮੇਸ਼ ਰਤਨ, ਕਾਮਰੇਡ ਮਨਿੰਦਰ ਸਿੰਘ ਭਾਟੀਆ ਆਦਿ ਨੇ ਫੈਡਰੇਸ਼ਨ ਏਟਕ ਦੀ ਸਥਾਨਕ ਲੀਡਰਸ਼ਿਪ ਦੇ ਵਧੀਆ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਜਥੇਬੰਦੀ ਵੱਲੋਂ ਸ਼ੁਰੂ ਕੀਤੇ ਚੰਗੇ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ ।ਇਸ ਖੁਸ਼ੀ ਦੇ ਮੌਕੇ ਹਾਜ਼ਰ ਆਗੂਆਂ ਨੇ ਲੱਡੂ ਵੰਡ ਕੇ ਆਪਸ ਵਿੱਚ ਖੁਸ਼ੀ ਸਾਂਝੀ ਕੀਤੀ।

ਜਥੇਬੰਦੀ ਦੇ ਸੂਬਾ ਪ੍ਰਧਾਨ ਗੰਡੀਵਿੰਡ ਨੇ ਦੋਵਾਂ ਸਰਕਲਾਂ ਦੀ ਲੀਡਰਸ਼ਿਪ ਸੋਬਨ ਸਿੰਘ, ਸਤੀਸ਼ ਕੁਮਾਰ, ਅਸ਼ੋਕ ਕੁਮਾਰ, ਕਸ਼ਮੀਰਾ ਸਿੰਘ, ਗੁਰਮੁੱਖ ਸਿੰਘ, ਮਨੀਸ਼ ਕੁਮਾਰ ਤੋਂ ਇਲਾਵਾ ਸੂਬਾ ਆਗੂ ਰਛਪਾਲ ਸਿੰਘ ਪਾਲੀ ਨੂੰ ਵਧਾਈ ਦਿੰਦੇ ਹੋਏ ਦਫਤਰ ਦੀ ਉਸਾਰੀ ਨੂੰ ਜਲਦੀ ਮੁਕੰਮਲ ਕਰਨ ਲਈ ਜਥੇਬੰਦੀ ਦੀ ਸੂਬਾ ਕਮੇਟੀ ਦੀ ਤਰਫ਼ੋਂ ਲੋੜੀਂਦੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ ਗਿਆ।

20 ਨੂੰ ਕਿਸਾਨ ਅੰਦੋਲਨ ਲਈ ਔਰਤਾਂ ਦੇ ਜਥੇ ਹੋਣਗੇ ਰਵਾਨਾ

* ਭਾਜਪਾ ਲੀਡਰਾਂ ਨੂੰ ਸਵਾਲ ਪੁੱਛਣ ਲਈ ਘੇਰਨ ਦੀ ਵੱਡੀ ਤਿਆਰੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਿਕ ਵੱਲੋਂ ਜਾਰੀ ਕਿਸਾਨ ਅੰਦੋਲਨ ਦੇ ਚਲਦੇ ਸ਼ੰਭੂ ਬਾਰਡਰ 'ਤੇ ਚਲ ਰਹੇ ਸੰਘਰਸ਼ ਵਿਚ ਲਗਾਤਾਰ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਜਥੇ ਭੇਜੇ ਜਾ ਰਹੇ ਹਨ।ਇਸੇ ਕਵਾਇਦ ਤਹਿਤ 20 ਅਪ੍ਰੈਲ ਨੂੰ ਮੋਰਚੇ ਵਿਚ ਸ਼ਾਮਿਲ ਹੋਣ ਜਾ ਰਹੇ ਔਰਤਾਂ ਦੇ ਜਥਿਆਂ ਦੀ ਤਿਆਰੀ ਲਈ ਜਥੇਬੰਦੀ ਦੇ ਜ਼ਿਲ੍ਹਾ ਅੰਮ੍ਰਿਤਸਰ ਦੀ ਕੋਰ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਆਗੂ ਬਲਦੇਵ ਸਿੰਘ ਬੱਗਾ ਦੇ ਘਰ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰਬਾਲਾ ਅਤੇ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਦੀ ਅਗਵਾਈ ਵਿੱਚ ਕੀਤੀ ਗਈ।ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਵਾਰ ਦੇ ਜਥੇ ਵਿਚ ਔਰਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਜਾ ਰਹੀਆਂ ਹਨ।15 ਅਪ੍ਰੈਲ ਨੂੰ ਪਿੰਡ ਰੁਮਾਣਾਚੱਕ ਤੇ ਚੱਬਾ, 16 ਨੂੰ ਪਿੰਡ ਅਲਕੜੇ, ਚੋਗਾਵਾਂ ਦੇ ਗੁਰਦੁਆਰਾ ਸਾਧੂ ਸਿੱਖ ਅਤੇ ਪਿੰਡ ਪੱਕਾ ਸ਼ਹਿਰ (ਚਮਿਆਰੀ) ਵਿਖੇ ਜ਼ੋਨ ਪੱਧਰੀ ਇੱਕਠ ਕਰਕੇ ਕਨਵੈਨਸ਼ਨਾਂ ਲਈ ਤਿਆਰੀਆਂ ਕੀਤੀਆਂ ਜਾਣਗੀਆਂ।ਉਨ੍ਹਾਂ ਸਭ ਜਥੇਬੰਦਕ ਅਤੇ ਗੈਰ-ਜਥੇਬੰਦਕ ਲੋਕਾਂ ਨੂੰ ਅਪੀਲ ਕੀਤੀ ਕਿ ਖ਼ਾਸ ਕਰਕੇ ਬੀਜੇਪੀ ਦੇ ਲੀਡਰਾਂ ਨੂੰ ਘੇਰ ਕੇ ਦਿੱਲੀ ਕੂਚ ਦੌਰਾਨ ਬੀਜੇਪੀ ਦੀ ਸਰਕਾਰ ਵੱਲੋਂ ਕਿਸਾਨਾਂ/ਮਜ਼ਦੂਰਾਂ ਉਤੇ ਕੀਤੇ ਤਸ਼ੱਦਦ ਬਾਰੇ ਸਵਾਲ ਕੀਤੇ ਜਾਣ। ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੇ ਅਪਸ਼ਬਦ ਨਾ ਵਰਤੇ ਜਾਣ।ਉਨ੍ਹਾਂ ਕਿਹਾ ਕਿ ਔਰਤਾਂ ਦੀ ਸ਼ਮੂਲੀਅਤ ਨਾਲ ਸੰਘਰਸ਼ ਹੋਰ ਤੇਜ਼ ਹੋਵੇਗਾ ਅਤੇ ਇਸਦਾ ਪ੍ਰਚਾਰ ਗਲੀ-ਗਲੀ ਤੇ ਹਰ ਵਰਗ ਵਿੱਚ ਜਾਵੇਗਾ।ਉਨ੍ਹਾਂ ਕਿਹਾ ਕਿ ਮੋਰਚਾ ਪੂਰੇ ਦੇਸ਼ ਅੰਦਰ ਜ਼ੋਰ ਫ਼ੜ ਚੁੱਕਾ ਹੈ ਜਿਸਦੇ ਚਲਦੇ ਹਰਿਆਣਾ, ਤਾਮਿਲਨਾਡੂ, ਰਾਜਸਥਾਨ, ਕਰਨਾਟਕ ਸਮੇਤ ਹੋਰ ਰਾਜਾਂ ਵਿਚ ਭਾਜਪਾ ਲੀਡਰਾਂ ਦਾ ਖੁੱਲ੍ਹ ਕੇ ਵਿਰੋਧ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਅੰਦੋਲਨ ਸਾਰੀਆਂ ਫ਼ਸਲਾਂ ਦੀ ਖਰੀਦ 'ਤੇ ਐੱਮਐੱਸਪੀ ਗਰੰਟੀ ਕਨੂੰਨ ਬਣਾਉਣ, ਕਿਸਾਨ ਮਜ਼ਦੂਰ ਦੀ ਸੰਪੂਰਨ ਕਰਜ਼ਾ ਮੁਕਤੀ, ਕਿਸਾਨ ਅਤੇ ਖੇਤ ਮਜ਼ਦੂਰ ਲਈ ਪੈਨਸ਼ਨ ਸਕੀਮ, ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਰੁਜ਼ਗਾਰ ਤੇ ਦਿਹਾੜੀ 700 ਰੁਪਏ ਕਰਨ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਕੱਢਣ, ਆਦਿਵਾਸੀਆਂ ਦੇ ਅਧਿਕਾਰਾਂ ਲਈ ਸੰਵਿਧਾਨ ਦੀ 5ਵੀਂ ਸੂਚੀ ਲਾਗੂ ਕਰਨ ਸਮੇਤ ਹੋਰ ਅਹਿਮ ਮੰਗਾਂ ਦੀ ਪ੍ਰਾਪਤੀ ਤੱਕ ਸ਼ਾਂਤਮਈ ਤਰੀਕੇ ਨਾਲ ਜਾਰੀ ਰਹੇਗਾ।ਇਸ ਮੌਕੇ ਕੰਧਾਰ ਸਿੰਘ ਭੋਏਵਾਲ, ਬਲਵਿੰਦਰ ਸਿੰਘ ਰੁਮਾਣਾਚੱਕ, ਸੁਖਦੇਵ ਸਿੰਘ ਚਾਟੀਵਿੰਡ, ਸਵਿੰਦਰ ਸਿੰਘ ਰੂਪੋਵਾਲੀ, ਗੁਰਭੇਜ ਸਿੰਘ ਭੀਲੋਵਾਲ ਅਤੇ ਕੰਵਰਦਲਦੀਪ ਸੈਦੋਲੇਹਲ ਹਾਜ਼ਰ ਸਨ।

ਰਾਜਸੀ ਗੰਦਗੀ ਝਾੜੂ ਨਾਲ ਸਾਫ ਕਰਾਂਗੇ; ਰਿਸ਼ੀ ਰਾਜ ਨੂੰ ਜਿਤਾਓ, ਫਿਰ ਦੇਖੋ ਕਮਾਲ: ਭਗਵੰਤ ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਅਸਾਮ ਦੇ ਸੋਨਿਤਪੁਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਰਿਸ਼ੀ ਰਾਜ ਦੇ ਹੱਕ ਵਿੱਚ ਰੋਡ ਸ਼ੋਅ ਕੀਤਾ।ਉਨ੍ਹਾਂ ਅਸਾਮ ਦੇ ਲੋਕਾਂ ਨੂੰ ਬਦਲਾਅ ਲਈ ਝਾੜੂ ਦਾ ਬਟਨ ਦਬਾਉਣ ਦੀ ਅਪੀਲ ਕੀਤੀ।ਰੋਡ ਸ਼ੋਅ ਦੌਰਾਨ ਮਾਨ ਨੇ ਕਿਹਾ ਕਿ ਸਾਨੂੰ ਵਿਸ਼ਵਨਾਥ ਦੀ ਧਰਤੀ 'ਤੇ ਆਉਣ ਦਾ ਮੌਕਾ ਮਿਲਿਆ, ਮੈਨੂੰ ਬਹੁਤ ਖੁਸ਼ੀ ਹੋਈ।ਅੱਜ ਤੁਸੀਂ ਬਿਹੂ ਦਾ ਤਿਉਹਾਰ ਮਨਾ ਰਹੇ ਹੋ ਅਤੇ ਅਸੀਂ ਵਿਸਾਖੀ ਅਤੇ ਖਾਲਸਾ ਸਥਾਪਨਾ ਦਿਵਸ ਮਨਾ ਰਹੇ ਹਾਂ। ਅਸਾਮ ਅਤੇ ਪੰਜਾਬ ਦਾ ਸੱਭਿਆਚਾਰ ਬਹੁਤ ਸਮਾਨ ਹੈ।ਉਨ੍ਹਾਂ ਕਿਹਾ ਕਿ ਦੋਵੇਂ ਸੂਬੇ ਖੇਤੀ ਪ੍ਰਧਾਨ ਹਨ।ਇੱਥੋਂ ਦੇ ਲੋਕ ਚਾਹ ਦੀ ਖੇਤੀ ਕਰਦੇ ਹਨ ਜਦੋਂਕਿ ਪੰਜਾਬ ਦੇ ਲੋਕ ਕਣਕ, ਚਾਵਲ, ਗੰਨਾ ਅਤੇ ਕਪਾਹ ਦੀ ਖੇਤੀ ਕਰਦੇ ਹਨ।ਅਸੀਂ ਸਾਰੇ ਧਰਤੀ ਮਾਂ ਦੇ ਬੱਚੇ ਹਾਂ ਪਰ ਬਦਕਿਸਮਤੀ ਨਾਲ ਅੱਜ ਧਰਤੀ ਮਾਤਾ ਦੇ ਬੱਚੇ ਭੁੱਖ ਨਾਲ ਮਰ ਰਹੇ ਹਨ ਕਿਉਂਕਿ ਮੌਜੂਦਾ ਸਰਕਾਰ ਕਿਸਾਨਾਂ ਦੀ ਬਜਾਏ ਕਾਰਪੋਰੇਟ ਵਰਗ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਅਸਾਮ ਵਿੱਚ ਚਾਹ ਦੇ ਬਾਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਬਹੁਤ ਖਰਾਬ ਹੈ।ਅੱਜ ਇੱਥੇ ਮਜ਼ਦੂਰਾਂ ਨੂੰ 250 ਰੁਪਏ ਦਿਹਾੜੀ ਮਿਲਦੀ ਹੈ।ਸਾਨੂੰ ਇੱਕ ਮੌਕਾ ਦਿਓ, ਅਸੀਂ ਉਨ੍ਹਾਂ ਮਜ਼ਦੂਰਾਂ ਦੀ ਦਿਹਾੜੀ ਵਧਾ ਕੇ 450 ਰੁਪਏ ਕਰਾਂਗੇ ਅਤੇ ਇਸ ਲਈ ਕਾਨੂੰਨ ਬਣਾਵਾਂਗੇ।ਸਰਕਾਰ ਬਣਨ ਤੋਂ ਬਾਅਦ ਅਸੀਂ ਪੰਜਾਬ ਵਿੱਚ ਵੀ ਤਨਖਾਹਾਂ ਵਧਾ ਦਿੱਤੀਆਂ ਹਨ ।ਭਾਸ਼ਣ ਦੌਰਾਨ ਮਾਨ ਨੇ ਸਰਕਾਰੀ ਸਕੂਲਾਂ ਨੂੰ ਲੈ ਕੇ ਅਸਾਮ ਦੀ ਭਾਜਪਾ ਸਰਕਾਰ ਅਤੇ ਇਸ ਦੇ ਮੁੱਖ ਮੰਤਰੀ ਹਿਮੇਂਤਾ ਵਿਸ਼ਵਾ ਸ਼ਰਮਾ 'ਤੇ ਤਿੱਖੇ ਹਮਲੇ ਕੀਤੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ਼ਰਮਾ ਦੀ ਪਤਨੀ ਦੇ ਆਪਣੇ ਕਈ ਪ੍ਰਾਈਵੇਟ ਸਕੂਲ ਹਨ। ਇਸੇ ਕਰਕੇ ਸਰਕਾਰੀ ਸਕੂਲਾਂ ਵਿੱਚ ਸੁਧਾਰ ਨਹੀਂ ਹੋ ਰਿਹਾ।ਮਾਨ ਨੇ ਕਿਹਾ ਕਿ ਜੇਕਰ ਉਹ ਚਾਹੁੰਦੇ ਤਾਂ 20 ਸਾਲ ਪਹਿਲਾਂ ਬਹੁਤ ਵਧੀਆ ਸਕੂਲ ਅਤੇ ਹਸਪਤਾਲ ਬਣਾ ਸਕਦੇ ਸਨ ਕਿਉਂਕਿ ਉਹ ਕਾਂਗਰਸ ਸਰਕਾਰ ਵਿੱਚ ਸਿੱਖਿਆ ਅਤੇ ਸਿਹਤ ਮੰਤਰੀ ਰਹਿ ਚੁੱਕੇ ਹਨ ਪਰ ਉਨਾਂ ਦੇ ਇਰਾਦੇ ਸਾਫ਼ ਨਹੀਂ ਸਨ। ਇਸ ਲਈ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਹਾਲਤ ਅਜੇ ਵੀ ਮਾੜੀ ਹੈ।

ਬੀ ਡੀ ਪੀ ਓ ਕਲਾਨੌਰ ਨੇ ਚਾਰਜ ਸੰਭਾਲਿਆ

ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਜੋਂ ਮੈਡਮ ਜਸਬੀਰ ਕੌਰ ਨੇ ਬੀਡੀਪੀਓ ਵਜੋਂ ਕਾਰਜ ਸੰਭਾਲ ਲਿਆ ਹੈ ਕਿਉਂਕਿ ਕਲਾਨੌਰ ਦੇ ਪਹਿਲੇ ਬੀਡੀਪੀਓ ਜਰਮੇਲ ਸਿੰਘ ਕੁਝ ਦਿਨ ਪਹਿਲਾਂ ਰਿਟਾਇਰ ਹੋ ਚੁੱਕੇ ਹਨ ।ਮੈਡਮ ਜਸਬੀਰ ਕੌਰ ਪੱਕੇ ਤੌਰ 'ਤੇ ਬਲਾਕ ਡੇਰਾ ਬਾਬਾ ਨਾਨਕ ਦੇ ਬੀਡੀਪੀਓ ਹਨ ਅਤੇ ਉਨ੍ਹਾਂ ਨੂੰ ਕਲਾਨੌਰ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਅਹੁਦਾ ਸੰਭਾਲਣ ਮੌਕੇ ਕਲਾਨੌਰ ਦੇ ਪੰਚਾਇਤ ਸਕੱਤਰਾਂ ਅਤੇ ਦਫਤਰੀ ਸਟਾਫ ਵੱਲੋਂ ਬੀਡੀਪੀਓ ਮੈਡਮ ਜਸਬੀਰ ਕੌਰ ਦਾ ਨਿੱਘਾ ਸਵਾਗਤ ਕੀਤਾ ਗਿਆ। ਸਟਾਫ ਵੱਲੋਂ ਬੀਡੀਪੀਓ ਮੈਡਮ ਨੂੰ ਬਾਬਾ ਦੀਪ ਸਿੰਘ ਦਾ ਸਰੂਪ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਪੰਚਾਇਤ ਸਕੱਤਰ ਗੁਰਦਿਆਲ ਸਿੰਘ, ਪੰਚਾਇਤ ਸਕੱਤਰ ਸੰਤੋਖ ਸਿੰਘ, ਕੇਵਲ ਸਿੰਘ, ਪਰਮਜੀਤ ਸਿੰਘ, ਮਨਜੀਤ ਸਿੰਘ, ਸਤਿੰਦਰ ਸਿੰਘ, ਐੱਸਈਪੀਓ ਗੁਰ ਇਕਬਾਲ ਸਿੰਘ, ਹਰਜੀਤ ਸਿੰਘ, ਰਮਨਦੀਪ ਸਿੰਘ ਮੁੱਖ ਲੇਖਾਕਾਰ, ਗੁਰਿੰਦਰ ਪਾਲ ਸਿੰਘ, ਜਾਰਜ ਮਸੀਹ, ਪ੍ਰੇਮ ਸਿੰਘ, ਪ੍ਰੇਮ ਮਸੀਹ, ਸੰਮਤੀ ਪਟਵਾਰੀ ਸੁਰਜੀਤ ਸਿੰਘ, ਮੈਡਮ ਰਾਜਵੀਰ ਕੌਰ, ਰਾਜਵੀਰ ਸਿੰਘ, ਕਵਲਜੀਤ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ ।

ਬੀਬੀ ਸਾਹਿਬ ਕੌਰ ਅਕਾਲੀ ਦਲ ਛੱਡ ਕੇ ਸਾਥੀਆਂ ਸਮੇਤ 'ਆਪ' 'ਚ ਸ਼ਾਮਲ

ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਸ਼ਹਿਰ ਦੀ ਵਾਰਡ ਨੰਬਰ 12 ਵਜੋਂ ਸਾਲ 2021 ਦੌਰਾਨ ਨਗਰ ਕੌਂਸਲ ਦੀਆਂ ਚੋਣਾਂ ਲੜਨ ਵਾਲੀ ਮਹਿਲਾ ਅਕਾਲੀ ਆਗੂ ਸਾਹਿਬ ਕੌਰ ਨੇ ਆਪਣੇ ਸਾਥੀਆਂ ਤੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ।ਸਾਹਿਬ ਕੌਰ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਾਉਣ ਲਈ ਪੰਜਾਬ ਹੈਲਥ ਸਿਸਟਮ ਦੇ ਚੇਅਰਮੈਨ ਰਮਨ ਬਹਿਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਨ੍ਹਾਂ ਸਾਥੀਆਂ ਨੂੰ ਆਮ ਆਦਮੀ ਪਾਰਟੀ ਵਿੱਚ ਰਸਮੀ ਤੌਰ 'ਤੇ ਸ਼ਾਮਿਲ ਕਰਵਾਇਆ। ਇਸ ਮੌਕੇ ਸਾਹਿਬ ਕੌਰ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਹਲਕਾ ਗੁਰਦਾਸਪੁਰ ਵਿੱਚ ਚੇਅਰਮੈਨ ਰਮਨ ਬਹਿਲ ਵੱਲੋਂ ਕਰਵਾਏ ਗਏ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਇਸ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਤੇ ਹੁਣ ਇਸ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਤਨਦੇਹੀ ਦੇ ਨਾਲ ਕੰਮ ਕਰਨਗੇ।ਚੇਅਰਮੈਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਜੋ ਗਰੰਟੀਆਂ ਦਿੱਤੀਆਂ ਸਨ ਉਨ੍ਹਾਂ ਨੂੰ ਬਾਖੂਬੀ ਪੂਰਾ ਕੀਤਾ ਹੈ। ਉਸੇ ਦੀ ਬਦੌਲਤ ਅੱਜ ਹਰੇਕ ਵਰਗ ਦੇ ਲੋਕ ਇਸ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਸਾਹਿਬ ਕੌਰ ਨੇ ਹਮੇਸ਼ਾ ਸਮਾਜ ਸੇਵਾ ਨੂੰ ਤਰਜੀਹ ਦਿੱਤੀ ਹੈ ਅਤੇ ਨਿੱਜੀ ਹਿੱਤਾਂ ਤੋਂ ਉਪਰ ਉਠ ਕੇ ਕੰਮ ਕੀਤਾ ਹੈ ਜਿਸ ਕਰਕੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਾਉਣ ਮੌਕੇ ਖੁਸ਼ੀ ਮਹਿਸੂਸ ਹੋ ਰਹੀ ਹੈ।ਇਸ ਮੌਕੇ ਮਹਿਤਾਬ ਸਿੰਘ, ਮੰਗਲਦੀਪ ਸਿੰਘ, ਮੰਗਤ ਰਾਮ, ਮਨਿੰਦਰ ਸਿੰਘ, ਹਰਸ਼, ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ।

ਸੜਕ ਹਾਦਸੇ 'ਚ ਬੇਦਾਦਪੁਰ ਦੇ ਨੌਜਵਾਨ ਦੀ ਮੌਤ

ਬਾਬਾ ਬਕਾਲਾ ਸਾਹਿਬ 13 ਅਪ੍ਰੈਲ (ਜਸਪਾਲ ਸਿੰਘ)-ਕਸਬਾ ਸਠਿਆਲਾ ਵਿਖੇ ਪਿੰਡ ਬੇਦਾਦਪੁਰ ਦੇ ਇੱਕ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ।

ਮ੍ਰਿਤਕ ਦੀ ਮਾਤਾ ਮਨਜੀਤ ਕੌਰ ਬੇਦਾਦਪੁਰ ਨੇ ਦੱਸਿਆ ਕਿ ਮੇਰਾ ਇਕਲੌਤਾ ਬੇਟਾ ਆਕਾਸ਼ਦੀਪ ਸਿੰਘ (22) ਪੁੱਤਰ ਸਵ: ਪਲਵਿੰਦਰ ਸਿੰਘ ਪਿੰਡ ਘੁਮਾਣ ਤੋਂ ਆਪਣੇ ਰਿਸ਼ਤੇਦਾਰ ਨੂੰ ਮਿਲ ਕੇ ਪਿੰਡ ਬੇਦਾਦਪੁਰ ਨੂੰ ਆ ਰਿਹਾ ਸੀ ਤੇ ਅਚਾਨਕ ਰਾਤ ਦੇ ਵਕਤ ਬੁਤਾਲਾ ਦੇ ਸਰਕਾਰੀ ਹਸਪਤਾਲ ਦੀ ਕੰਧ ਵਿਚ ਉਸ ਦੀ ਕਾਰ ਵੱਜਣ ਕਾਰਨ ਮੌਤ ਹੋ ਗਈ ਹੈ।ਉਹ ਪਿੱਛੇ ਪਤਨੀ ਤੇ 8 ਮਹੀਨੇ ਦਾ ਲੜਕਾ ਛੱਡ ਗਿਆ ਹੈ।ਉਨ੍ਹਾਂ ਨੇ ਦੱਸਿਆ ਕਿ ਪੁਲਸ ਵੱਲੋਂ 174 ਦੀ ਕਾਰਵਾਈ ਕਰਨ ਉਪਰੰਤ ਉਸ ਦਾ ਅੰਤਿਮ ਸਸਕਾਰ ਪਿੰਡ ਬੇਦਾਦਪੁਰ ਵਿਖੇ ਕਰ ਦਿੱਤਾ ਗਿਆ ਹੈ।ਇਸ ਮੌਕੇ ਮ੍ਰਿਤਕ ਦੀ ਮਾਤਾ ਮਨਜੀਤ ਕੌਰ ਨਾਲ ਦੁੱਖ ਦਾ ਪ੍ਰਗਟਾਵਾ ਕਰ ਵਾਲਿਆਂ 'ਚ ਸਰਪੰਚ ਦਲਵਿੰਦਰ ਸਿੰਘ ਸਠਿਆਲਾ, ਜਸਵੰਤ ਸਿੰਘ, ਸਾਬਕਾ ਸਰਪੰਚ ਸੰਤੋਖ ਸਿੰਘ, ਗੁਰਚਰਨ ਸਿੰਘ, ਪੂਰਨ ਸਠਿਆਲਾ, ਨੰਬਾਰਦਾਰ ਜਤਿੰਦਰ ਸਿੰਘ, ਠੇਕੇਦਾਰ ਕੇਵਲ ਸਿੰਘ, ਅਵਤਾਰ ਸਿੰਘ, ਦਲਜੀਤ ਸਿੰਘ, ਅਜੀਤ ਸਿੰਘ, ਸੁਰਜੀਤ ਸਿੰਘ

14-APR-PAGE-7.qxd 4/13/2024 10:37 PM Page 1

ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਕੱਢੀ ਵਿਸ਼ਾਲ ਰੈਲੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੇ ਬੇਟੇ ਮਨਜੋਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਸੈਂਕੜੇ ਯੂਥ ਵਲੰਟੀਅਰਾਂ ਵੱਲੋਂ ਇੱਕ ਵਿਸ਼ਾਲ ਮੋਟਰਸਾਈਕਲ ਰੈਲੀ ਕੱਢੀ ਗਈ। ਰੈਲੀ ਦੀ ਆਰੰਭਤਾ ਮੌਕੇ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਦੇ ਮੁੱਖ ਦਫਤਰ ਸ਼ਾਹਪੁਰ ਜਾਜਨ ਭੱਠੇ ਤੇ ਸੈਂਕੜੇ ਯੂਥ ਵਰਕਰਾਂ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਨ ਉਪਰੰਤ ਇਹ ਮੋਟਰਸਾਈਕਲ ਰੈਲੀ ਡੇਰਾ ਬਾਬਾ ਨਾਨਕ, ਕਲਾਨੌਰ, ਕੋਟਲੀ ਸੂਰਤ ਮੱਲ੍ਹੀ, ਧਿਆਨਪੁਰ ਅਤੇ ਹੋਰ ਵੱਖ-ਵੱਖ ਪਿੰਡਾਂ ਰਾਹੀਂ ਹੁੰਦੀ ਹੋਈ ਵਾਪਸ ਮੁੱਖ ਦਫਤਰ ਸਮਾਪਤ ਹੋਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਜੋਤ ਸਿੰਘ ਰੰਧਾਵਾ ਨੇ ਦੱਸਿਆ ਕਿ ਕੇਂਦਰ ਦੀ ਭਾਜਪਾ ਤਾਨਾਸ਼ਾਹੀ ਸਰਕਾਰ ਵੱਲੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਕਈ ਹੋਰ ਲੀਡਰਾਂ ਨੂੰ ਇੱਕ ਸ਼ਰਾਬ ਦੇ ਝੂਠੇ ਕੇਸ ਵਿੱਚ ਈਡੀ ਨੂੰ ਹਥਿਆਰ ਵਜੋਂ ਵਰਤ ਕੇ ਆਪਣੀਆਂ ਲੋਕ ਸਭਾ ਚੋਣਾਂ ਦੇ ਹਾਰ ਤੋਂ ਡਰਦਿਆਂ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਦੇ ਵਿਰੋਧ ਵਜੋਂ ਆਪ ਆਗੂ ਗੁਰਦੀਪ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਤੇ ਸੈਂਕੜੇ ਯੂਥ ਵਰਕਰਾਂ ਵੱਲੋਂ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਹੈ। ਮਨਜੋਤ ਸਿੰਘ ਰੰਧਾਵਾ ਨੇ ਦੱਸਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਜਿੰਨੇ ਮਰਜ਼ੀ ਆਪਣੇ ਹੱਥਕੰਡੇ ਅਪਣਾ ਕੇ ਆਪ ਵਰਕਰਾਂ ਨੂੰ ਡਰਾ ਲਵੇ ਪਰ ਆਮ ਆਦਮੀ ਪਾਰਟੀ ਦਾ ਇਕ ਇਕ ਵਰਕਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸੋਚ ਅਤੇ ਉਸ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ। ਇਸ ਮੌਕੇ ਸੀਨੀਅਰ ਯੂਥ ਆਗੂ ਪਰਮਿੰਦਰ ਸਿੰਘ ਰੰਧਾਵਾ, ਫੌਜੀ ਸਤਨਾਮ ਸਿੰਘ ਟਰਪੱਲਾ, ਸਰਪੰਚ ਜਸਬੀਰ ਸਿੰਘ ਵਡਾਲਾ ਬਾਂਗਰ, ਐਡਵੋਕੇਟ ਜਸ਼ਨਪ੍ਰੀਤ ਸਿੰਘ ਰੰਧਾਵਾ, ਪ੍ਰਧਾਨ ਜਗਮੀਤ ਸਿੰਘ, ਮਾਸਟਰ ਜਗਦੀਸ਼ ਸਿੰਘ ਭੋਲਾ ਮਹਿਮਾ ਚੌਂਕ, ਸਾਬਕਾ ਸਰਪੰਚ ਕਸ਼ਮੀਰ ਸਿੰਘ ਮਹਿਮਾ ਚੱਕ, ਦੀਦਾਰ ਸਿੰਘ ਲਾਹੌਰੀਆਂ ਪੱਬਾਂਰਾਲੀ, ਮਲਕੀਤ ਸਿੰਘ ਅਟਵਾਲ, ਰਮਨਜੀਤ ਸਿੰਘ ਕੋਟ ਮੌਲਵੀ, ਅੰਗਰੇਜ਼ ਸਿੰਘ ਬਲਾਕ ਪ੍ਰਧਾਨ ਸ਼ਾਹਪੁਰ ਗੁਰਾਇਆ, ਗੁਰਵਿੰਦਰ ਸਿੰਘ ਨਬੀ ਨਗਰ ਬਲਾਕ ਪ੍ਰਧਾਨ, ਕੁੰਨਣ ਸਿੰਘ ਬਲਾਕ ਪ੍ਰਧਾਨ, ਜਸਕਰਨ ਸਿੰਘ ਰੰਧਾਵਾ ਜ਼ਿਲਾ ਸਕੱਤਰ, ਹੈਪੀ ਰਾਜੇਕੇ, ਮਨਪ੍ਰੀਤ ਸਿੰਘ ਮੰਨਾ ਧਰਮਕੋਟ ਰੰਧਾਵਾ, ਸਰਪੰਚ ਜਗਮੋਣ ਸਿੰਘ ਮੇਘਾ, ਮਲਕੀਤ ਸਿੰਘ ਰਾਮਦਵਾਲੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਤੇ ਯੂਥ ਵਰਕਰਾਂ ਨੇ ਮੋਟਰਸਾਈਕਲ ਰੈਲੀ ਵਿੱਚ ਭਾਗ ਲਿਆ।

ਖ਼ਾਲਸਾ ਕਾਲਜ ਫਾਰ ਵੂਮੈਨ ਵਿਖੇ ਰਾਸ਼ਟਰੀ ਸਿੱਖਿਆ ਨੀਤੀ 'ਤੇ ਭਾਸ਼ਣ ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੀ ਆਈਕਿਊਏਸੀ ਅਤੇ ਐਨਈਪੀ ਕਮੇਟੀ ਵੱਲੋਂ 'ਰਾਸ਼ਟਰੀ ਸਿੱਖਿਆ ਨੀਤੀ' 'ਤੇ ਇਕ ਗੈਸਟ ਲੈਕਚਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਇਸ ਭਾਸ਼ਣ ਮੌਕੇ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀ. ਟੀ. ਰੋਡ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਸੀਨੀਅਰ ਫੈਕਲਟੀ ਨਾਲ ਮਿਲ ਕੇ ਪ੍ਰਿੰ: ਡਾ. ਕੁਮਾਰ ਤੇ ਹੋਰ ਮਹਿਮਾਨਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਪ੍ਰਿੰ: ਡਾ. ਕੁਮਾਰ ਨੇ ਨਵੀਂ ਸਿੱਖਿਆ ਨੀਤੀ ਅਨੁਸਾਰ ਅੰਤਰ-ਅਨੁਸ਼ਾਸਨੀ ਅਤੇ ਬਹੁ-ਅਨੁਸ਼ਾਸਨੀ ਪਹੁੰਚ ਦੇ ਨਾਲ-ਨਾਲ ਪਾਠਕ੍ਰਮ ਅਤੇ ਕ੍ਰੈਡਿਟ ਫਰੇਮਵਰਕ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਐਨ. ਈ. ਪੀ. ਸਬੰਧੀ ਗੱਲ ਕਰਦਿਆਂ ਕਰੈਡਿਟ ਸਿਸਟਮ, ਮੇਜਰ ਮਾਈਨਰ, ਆਈਡੀ, ਆਨ-ਲਾਇਨ ਪੜ੍ਹਾਈ ਆਦਿ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਪੀ.ਪੀ.ਟੀ ਰਾਹੀਂ ਆਸਾਨ ਖ਼ਾਕੇ ਨਾਲ ਆਪਣੇ ਵਿਚਾਰ ਦੀ ਪ੍ਰੋੜਤਾ ਕੀਤੀ।

ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਅਧਿਆਪਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਪ੍ਰਿੰ: ਡਾ. ਕੁਮਾਰ ਨੇ ਗਹਿਰਾਈ ਨਾਲ ਜਵਾਬ ਦਿੱਤੇ ਗਏ ਅਤੇ ਮਾਰਗਦਰਸ਼ਨ ਕੀਤਾ। ਇਸ ਮੌਕੇ ਆਈ. ਕਿਊ. ਏ. ਸੀ. ਕੋਆਰਡੀਨੇਟਰ ਡਾ. ਮਨਬੀਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਅਜਿਹੇ ਗੰਭੀਰ ਮੁੱਦਿਆਂ 'ਤੇ ਲੈਕਚਰ ਉਲੀਕਣ ਲਈ ਪ੍ਰਿੰ: ਡਾ. ਸੁਰਿੰਦਰ ਕੌਰ ਦੇ ਕਾਰਜਾਂ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਕਾਲਜ ਦਾ ਸਮੁੱਚਾ ਸਟਾਫ਼ ਮੌਜੂਦ ਸੀ।

ਨਿਊਯਾਰਕ ਸਟੇਟ ਅਸੈਂਬਲੀ 'ਚ ਅਲਬਨੀ ਵਿਖੇ ਮਨਾਇਆ ਖਾਲਸਾ ਸਾਜਨਾ ਦਿਵਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਕ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਕਰਨ ਵਿੱਚ ਖਾਸ ਤੌਰ 'ਤੇ ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ (ਡਿਸਟ੍ਰਿਕਟ 36), ਅਤੇ ਉਨ੍ਹਾਂ ਦੇ ਨਾਲ ਹੋਰ ਅਸੈਂਬਲੀ-ਮੈਂਬਰ ਗਰੇਸ ਲੀ (ਡਿਸਟ੍ਰਿਕਟ 65), ਖਲੀਲ ਐਂਡਰਸਨ (ਡਿਸਟ੍ਰਿਕਟ 31), ਸਟੀਵਨ ਰਾਗਾ (ਡਿਸਟ੍ਰਿਕਟ 30), ਜੈਫਰੀਅਨ ਔਰਬੀ (ਡਿਸਟ੍ਰਿਕਟ 35), ਜੈਸੀਕਾ ਗੌਨਜਾਲੇਜ (ਡਿਸਟ੍ਰਿਕਟ 34), ਕੈਟਲੀਨਾ ਕਰੂਜ਼ (ਡਿਸਟ੍ਰਿਕਟ 39) ਸ਼ਾਮਲ ਸਨ। ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਜਿਵੇਂ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪ੍ਰੈਲ ਨੂੰ 'ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈੱਸ ਮੰਥ' ਵਜੋਂ ਮਨਾਇਆ ਜਾਂਦਾ ਹੈ। ਪ੍ਰੋਗਰਾਮ ਵਿੱਚ ਸ਼ਾਮਲ ਨੁਮਾਇੰਦਿਆਂ ਵਿੱਚ ਕੋਆਰਡੀਨੇਟਰ ਹਿੰਮਤ ਸਿੰਘ, ਸੈਲਫ ਡਿਟਰਮੀਨੇਸ਼ਨ ਕਾਊਂਸਿਲ ਦੇ ਬਲਜਿੰਦਰ ਸਿੰਘ, ਮੱਖਣ ਸਿੰਘ ਰੋਚੈਸਟਰ, ਸੁਖਜਿੰਦਰ ਸਿੰਘ ਬਾਜਵਾ, ਬਲਜੀਤ ਸਿੰਘ, ਚਰਨਜੀਤ ਸਿੰਘ ਸਮਰਾ, ਵਰਿੰਦਰ ਸਿੰਘ ਵਿਕੀ, ਬੀਬੀ ਜਸਲੀਨ ਕੌਰ, ਮਨਵੀਰ ਸਿੰਘ, ਜਗਪ੍ਰੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਮੇਂ ਸਮੇਂ ਤੇ ਸਿੱਖ ਪੰਥ ਦੇ ਮਹੱਤਵਪੂਰਨ ਦਿਹਾੜਿਆਂ ਸਬੰਧੀ ਪ੍ਰੋਗਰਾਮਾਂ ਤੋਂ ਇਲਾਵਾ ਕੌਮ ਦੀ ਆਜ਼ਾਦੀ, ਸਿੱਖ ਨਸਲਕੁਸ਼ੀ, ਮਨੁੱਖੀ ਹੱਕਾਂ ਤੇ ਹੋਰ ਦਰਪੇਸ਼ ਮਸਲਿਆਂ ਤੇ ਲਗਾਤਾਰ ਕੰਮ ਕੀਤੇ ਜਾਂਦੇ ਹਨ ਜੋ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰਾਂ ਜਾਰੀ ਰਹਿਣਗੇ।

ਇੱਕ ਮੁਸ਼ਤ ਟੈਕਸ ਬਕਾਏ ਦੀ ਸਕੀਮ ਦਾ ਵਪਾਰੀ 30 ਜੂਨ ਤੱਕ ਉਠਾ ਸਕਦੇ ਹਨ ਪੂਰਨ ਲਾਭ : ਬੰਦੇਸ਼ਾ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਕ ਮੈਂਬਰ, ਆਮ ਆਦਮੀ ਪਾਰਟੀ ਦੇ ਪੰਜਾਬ ਬੁਲਾਰਾ ਅਤੇ ਪਾਰਟੀ ਦੇ ਟਰੇਡ ਵਿੰਗ ਦੇ ਸੂਬਾਈ ਉਪ ਪ੍ਰਧਾਨ ਜਸਕਰਨ ਬੰਦੇਸ਼ਾ ਨੇ ਵਪਾਰੀਆਂ ਨਾਲ ਵਿਸਾਖੀ ਦਿਹਾੜੇ ਦੀਆਂ ਖੁਸ਼ੀਆਂ ਸਾਂਝੀਆਂ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੇ 2016-17 ਤੋਂ ਲਟਕਦੇ ਆ ਰਹੇ ਜੀਐੱਸਟੀ ਟੈਕਸ ਤੇ ਹੋਰਨਾ ਟੈਕਸਾਂ ਦੇ ਬਕਾਇਆ ਦੀ ਅਦਾਇਗੀ ਲਈ 15 ਨਵੰਬਰ 2023 ਤੋਂ ਲਾਗੂ ਕੀਤੀ ਗਈ ਵਨ ਟਾਈਮ ਸੈਟਲਮੈਂਟ ਸਕੀਮ (ਇਕ ਮੁਸ਼ਤ ਟੈਕਸ ਅਦਾਇਗੀ) ਦਾ ਸਮਾਂ, ਜੋ ਪਹਿਲਾਂ 31 ਮਾਰਚ ਤੱਕ ਗਿਣਿਆਂ ਜਾਂਦਾ ਸੀ, ਉਹ ਸਮਾਂ ਸੂਬਾ ਸਰਕਾਰ ਅਤੇ ਵਿੱਤ ਤੇ ਕਰ ਆਬਕਾਰੀ ਵਿਭਾਗ ਵੱਲੋਂ ਵਪਾਰੀਆਂ ਦੇ ਹਿਤਾਂ ਦਾ ਚਿੰਤਨ ਮੰਥਨ ਕਰਦਿਆਂ ਹੋਇਆਂ 30 ਜੂਨ ਤੱਕ ਨਿਰਧਾਰਿਤ ਕੀਤਾ ਗਿਆ।

ਵਪਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਮਾਨ ਸਰਕਾਰ ਵੱਲੋਂ ਵਪਾਰੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਦਿੱਤੀਆਂ ਗਈਆਂ ਅਨੇਕਾਂ ਰਾਹਤ ਸਕੀਮਾਂ ਸਮੇਤ ਸਾਲ 2022 'ਚ ਸਰਕਾਰ ਹੋਂਦ 'ਚ ਆਉਣ ਤੋਂ ਪਹਿਲਾਂ ਸਾਲ 2016-17 ਤੋਂ ਟੈਕਸ ਦੇ ਬਕਾਇਆਂ ਦੇ ਲਟਕਦੇ ਮਾਮਲੇ ਨੂੰ ਵੀ ਇਸ ਵਨ ਟਾਈਮ ਸੈਟਲਮੈਂਟ ਸਕੀਮ ਵਿੱਚ ਵਪਾਰੀਆਂ ਨੂੰ ਆਪਣੇ ਟੈਕਸਾਂ ਦਾ ਮੁਲਾਂਕਣ ਕਰਵਾ ਕੇ ਪੂਰਾ ਲਾਭ ਉਠਾਉਣ ਦਾ ਮੌਕਾ ਦੇ ਕੇ ਕ੍ਰਾਂਤੀਕਾਰੀ ਕਦਮ ਚੁੱਕਿਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਵਪਾਰੀਆਂ ਨੂੰ ਇਸ ਸਕੀਮ ਤਹਿਤ ਇਕ ਲੱਖ ਰੁਪਏ ਤੱਕ ਟੈਕਸ ਬਕਾਏ ਤੇ ਵਿਆਜ ਅਤੇ ਜੁਰਮਾਨੇ ਤੋਂ ਪੂਰੀ ਤਰ੍ਹਾਂ 100 ਫੀਸਦੀ ਛੋਟ ਦੇਣ ਦੀ ਵਿਵਸਥਾ ਕੀਤੀ ਗਈ ਹੈ ਜਦੋਂਕਿ ਇਕ ਲੱਖ ਰੁਪਏ ਤੋਂ ਵਧੇਰੇ ਇਕ ਕਰੋੜ ਰੁਪਏ ਤੱਕ ਟੈਕਸ ਬਕਾਏ 'ਤੇ 50 ਫੀਸਦੀ ਟੈਕਸ ਸਮੇਤ ਵਿਆਜ ਤੇ ਜੁਰਮਾਨੇ ਤੋਂ ਮੁਆਫੀ ਦੀ ਛੋਟ ਦਿੱਤੀ ਗਈ ਹੈ।ਜਸਕਰਨ ਬੰਦੇਸ਼ਾ ਨੇ ਵਪਾਰੀਆਂ ਵੱਲੋਂ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਸਮੇਤ ਪੰਜਾਬ ਦੇ ਬਾਕੀ ਹਲਕਿਆਂ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ 'ਚ ਫ਼ਤਵਾ ਦੇਣ ਅਤੇ ਮਾਨ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਦਿੱਤੇ ਭਰੋਸੇ ਲਈ ਉਚੇਚਾ ਵਪਾਰੀ ਵਰਗ ਦਾ ਧੰਨਵਾਦ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਜੋਸ਼-ਖਰੋਸ਼ ਨਾਲ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ) - ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਹੀ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਬੱਚੇ ਰਵਾਇਤੀ ਪਹਿਰਾਵੇ ਵਿੱਚ ਆਏ। ਗਹਿਣਿਆਂ ਦੇ ਨਾਲ ਪੰਜਾਬੀ ਰੰਗੀਨ ਪਹਿਰਾਵੇ ਅਤੇ ਖੁੱਲ੍ਹੀ ਚਰਚਾ ਦੁਆਰਾ ਉਹਨਾਂ ਨੂੰ ਇਸ ਤਿਉਹਾਰ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣੂ ਕਰਵਾਇਆ ਗਿਆ, ਵਾਢੀ ਦੇ ਇਸ ਤਿਉਹਾਰ ਵਿੱਚ ਬੱਚਿਆਂ ਨੂੰ ਇਸ ਵਿਸ਼ੇਸ਼ ਦਿਨ ਦੀ ਮਹੱਤਤਾ ਨੂੰ ਸਿੱਖਣ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ ਲਈ ਬਹੁਤ ਸਾਰੀਆਂ ਥੀਮ ਅਧਾਰਿਤ ਗਤੀਵਿਧੀਆਂ ਦੀ ਯੋਜਨਾ ਬਣਾਈ ਗਈ ਸੀ। ਸੀਨੀਅਰ ਸੈਕੰਡਰੀ ਜਮਾਤਾਂ ਵਿੱਚ ਦਸਤਾਰ ਬੰਨ੍ਹਣ ਮੁਕਾਬਲੇ, ਕੋਲਾਜ ਮੇਕਿੰਗ, ਸ਼ਬਦ ਗਾਇਨ ਮੁਕਾਬਲੇ, ਵਿਸਾਖੀ ਦੀ ਮਹੱਤਤਾ ਨੂੰ ਦਰਸਾਉਂਦੀ ਇੱਕ ਪਾਵਰ ਪੁਆਇੰਟ-ਪ੍ਰੈਜ਼ੈਂਟੇਸਨ ਵੀ ਵਿਦਿਆਰਥੀਆਂ ਨੂੰ ਦਿਖਾਈ ਗਈ । ਨਿੱਕੇ ਬੱਚਿਆਂ ਨੇ ਆਪਣੇ ਅਧਿਆਪਕਾਂ ਅਤੇ ਦੋਸਤਾਂ ਨਾਲ ਨੱਚ ਕੇ ਖੂਬ ਮਸਤੀ ਕੀਤੀ। ਪ੍ਰਿੰਸੀਪਲ ਸ੍ਰੀਮਤੀ ਨਵਦੀਪ ਕੌਰ ਨੇ ਬੱਚਿਆਂ ਨੂੰ ਸਾਰੇ ਤਿਉਹਾਰਾਂ ਦਾ ਆਨੰਦ ਅਤੇ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ।

ਤਿੱਬੜੀ ਵਾਸੀਆਂ ਨੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਲੰਗਰ ਲਗਾਏ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਅੱਡਾ ਪੁਲ ਤਿੱਬੜੀ ਵਿਖੇ ਪਿੰਡ ਤਿਬੜੀ ਵਸਨੀਕਾਂ ਨੇ ਖ਼ਾਲਸਾ ਦਿਵਸ ਅਤੇ ਵਿਸਾਖੀ ਦੇ ਤਿਉਹਾਰ ਨੂੰ ਮੁੱਖ ਰੱਖਦੇ ਹੋਏ ਦੋ ਰੋਜ਼ਾ ਲੰਗਰਾਂ ਦਾ ਆਯੋਜਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਬੂਟਾ ਸਿੰਘ, ਗੁਰਦਿਆਲ ਸਿੰਘ, ਅੰਮ੍ਰਿਤਪਾਲ ਸਿੰਘ, ਪਿਆਰਾ ਸਿੰਘ, ਡਾ. ਲਖਵਿੰਦਰ ਸਿੰਘ, ਮੈਂਬਰ ਧਰਮਪਾਲ ਸਿੰਘ ਅਤੇ ਪਾਲ ਸਿੰਘ ਗੁੰਝੀਆਂ ਨੇ ਦੱਸਿਆ ਕਿ ਇਸ ਲੰਗਰ ਵਿਚ ਪਿੰਡ ਵਾਸੀਆਂ ਤੇ ਰਾਹਗੀਰਾਂ ਦਾ ਵੀ ਯੋਗਦਾਨ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡ ਦੀ ਸੁੱਖ-ਸ਼ਾਂਤੀ ਅਤੇ ਚੜ੍ਹਦੀਕਲਾ ਲਈ ਸਮੂਹ ਪਿੰਡ ਵਾਸੀਆਂ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ।

ਚੋਣ ਕਮਿਸ਼ਨ ਦੀਆਂ ਹਦਾਇਤਾਂ ਬਾਬਤ ਅਧਿਕਾਰੀਆਂ ਨੂੰ ਕਰਵਾਇਆ ਜਾਣੂ

ਮਜੀਠਾ (ਸੋਇਮ ਆਨੰਦ)-ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਸਬੰਧ ਵਿਚ ਤਹਿਸੀਲ ਕੰਪਲੈਕਸ ਮਜੀਠਾ ਵਿਖੇ ਇੱਕ ਖਾਸ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਕੀਤੀ।

ਮੀਟਿੰਗ ਵਿਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਹੋਏ ਜਿਸ ਵਿਚ ਐੱਸਡੀਐੱਮ ਮਜੀਠਾ ਨੇ ਚੋਣ ਕਮਿਸ਼ਨ, ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀਆਂ ਚੋਣਾਂ ਸੰਬਧੀ ਤਾਜ਼ੀਆਂ ਹਦਾਇਤਾਂ ਤੋਂ ਜਾਣੂੰ ਕਰਾਇਆ।ਇਸ ਮੌਕੇ ਤਹਿਸੀਲਦਾਰ ਵਿਸ਼ਾਲ ਕੁਮਾਰ, ਨਾਇਬ ਤਹਿਸੀਲਦਾਰ ਤਰਲੋਚਨ ਸਿੰਘ, ਡੀਐੱਸਪੀ ਮਜੀਠਾ ਜਸਪਾਲ ਸਿੰਘ ਢਿੱਲੋਂ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦਿਲਬਾਗ ਸਿੰਘ, ਸੀਡੀਪੀਓ ਮਨਜੀਤ ਕੋਰ, ਜਤਿੰਦਰ ਸਿੰਘ ਬਲਾਕ ਸਿੱਖਿਆ ਅਫਸਰ, ਅਮਰਦੀਪ ਸਿੰਘ ਖੇਤੀਬਾੜੀ ਅਫਸਰ, ਸੁਰਿੰਦਰਪਾਲ ਸਿੰਘ ਐੱਸਐੱਚਓ ਕੱਥੂਨੰਗਲ

14-APR-PAGE-8.qxd 4/13/2024 10:38 PM Page 1

ਰੇਲ ਕੋਚ ਫੈਕਟਰੀ 'ਚ ਲੱਗੀ ਭਿਆਨਕ ਅੱਗ, 400 ਝੁੱਗੀਆਂ ਹੋਈਆਂ ਸੁਆਹ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਬੀਤੀ ਰਾਤ ਕਪੂਰਥਲਾ ਦੀ ਰੇਲ ਕੋਚ ਫੈਕਟਰੀ ਦੇ ਬਾਹਰਵਾਰ ਪ੍ਰਵਾਸੀ ਮਜ਼ਦੂਰਾਂ ਵੱਲੋਂ ਬਣਾਈਆਂ ਝੁੱਗੀਆਂ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ ਸੀ। ਜਿਸ ਨੇ ਦੇਖਦੇ ਹੀ ਦੇਖਦੇ ਭਿਆਨਕ ਰੂਪ ਅਖਤਿਆਰ ਕਰ ਲਿਆ ਤੇ ਕਰੀਬ 300-400 ਝੁੱਗੀਆਂ ਨੂੰ ਸੜ ਕੇ ਸੁਆਹ ਹੋ ਗਈਆਂ । ਹਾਲਾਂਕਿ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਸਨ, ਕਾਫੀ ਜੱਦੋਜਹਿਦ ਮਗਰੋਂ ਅੱਗ 'ਤੇ ਕਾਬੂ ਪਾ ਲਿਆ ਗਿਆ।ਇਸ ਦੌਰਾਨ ਪੀੜਤ ਲੋਕਾਂ ਦੇ ਨਾਲ ਗੱਲਬਾਤ ਕੀਤੀ ਗਈ, ਜਿੱਥੇ ਲੋਕਾਂ ਨੇ ਦੱਸਿਆ ਕਿ ਹੁਣ ਉਹਨਾਂ ਦੇ ਕੋਲ ਨਾ ਤਾਂ ਰਹਿਣ ਦੇ ਲਈ ਆਸ਼ੀਆਨਾ ਹੀ ਹੈ ਤੇ ਨਾ ਹੀ ਖਾਣ ਦੇ ਲਈ ਕੁਝ ਬਾਕੀ ਬਚਿਆ। ਅੱਗ ਲੱਗਣ ਦੇ ਕਾਰਨ ਉਨਾਂ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਇਸ ਮਾਰ ਨੂੰ ਝੱਲ ਪਾਉਣਾ ਉਹਨਾਂ ਦੇ ਲਈ ਵੱਡੀ ਚੁਣੌਤੀ ਹੈ।ਉਹਨਾਂ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਤੋਂ ਮਦਦ ਦੀ ਗੁਹਾਰ ਲਗਾਈ ਹੈ।

ਖ਼ਾਲਸਾ ਸਾਜਨਾ ਦਿਹਾੜੇ 'ਤੇ ਸ੍ਰੀ ਬੇਰ ਸਾਹਿਬ ਵਿਖੇ ਉਮੜਿਆ ਸੰਗਤਾਂ ਦਾ ਸੈਲਾਬ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)— ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਤਿਉਹਾਰ ਦੇ ਖ਼ਾਸ ਮੌਕੇ 'ਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਸ਼ਰਧਾਲੂ ਸ਼ਰਧਾ ਅਤੇ ਭਾਵਨਾ ਨਾਲ ਮੱਥਾ ਟੇਕਣ ਲਈ ਪਹੁੰਚੇ। ਦੂਰ-ਦੂਰ ਤੋਂ ਆਏ ਸ਼ਰਧਾਲੂਆਂ ਪਵਿੱਤਰ ਸਰੋਵਰ ਅਤੇ ਕਾਲੀ ਵੇਈਂ ਨਦੀ 'ਚ ਇਸ਼ਨਾਨ ਕੀਤਾ ਅਤੇ ਲੰਬੀਆਂ ਲਾਈਨਾਂ 'ਚ ਖੜੇ ਹੋ ਕੇ ਗੁਰੂ ਘਰ 'ਚ ਨਤਮਸਤਕ ਹੋ ਕੇ ਗੁਰੂ ਘਰ ਤੋਂ ਆਸ਼ੀਰਵਾਦ ਲੈ ਕੇ ਖੁਸ਼ੀਆਂ ਪ੍ਰਾਪਤ ਕੀਤੀਆਂ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ 'ਚ ਸਜਾਏ ਗਏ ਧਾਰਮਿਕ ਦੀਵਾਨ ਵਿਚ ਵੱਖ-ਵੱਖ ਰਾਗੀ, ਢਾਡੀ, ਕਵੀਸ਼ਰ ਜੱਥਿਆਂ ਵੱਲੋਂ ਸਿੱਖ ਕੌਮ ਦੇ ਕੁਰਬਾਨੀਆਂ ਦੇ ਭਰੇ ਇਤਿਹਾਸ ਨਾਲ ਜੋੜਿਆ ਗਿਆ।ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਮੈਨੇਜਰ ਭਾਈ ਗੁਰਬਖਸ਼ ਸਿੰਘ ਨੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਖਾਲਸਾ ਕਾਲਜ ਦਾ ਐੱਮ ਏ ਪੰਜਾਬੀ ਦਾ ਨਤੀਜਾ ਰਿਹਾ ਸ਼ਾਨਦਾਰ

ਮਾਹਿਲਪੁਰ (ਸਫਰੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐੱਮ. ਏ. ਪੰਜਾਬੀ ਦੇ ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰ. ਡਾ. ਪਰਵਿੰਦਰ ਸਿੰਘ ਅਤੇ ਪੰਜਾਬੀ ਵਿਭਾਗ ਦੇ ਮੁੱਖੀ ਡਾ ਜੇ ਬੀ ਸੇਖੋਂ ਨੇ ਦੱਸਿਆ ਕਿ ਐੱਮ ਏ ਪੰਜਾਬੀ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਰਮਨਦੀਪ ਕੌਰ ਨੇ 75 ਫੀਸਦੀ ਅੰਕ ਹਾਸਿਲ ਕਰਕੇ ਪਹਿਲਾ, ਜਸਪ੍ਰੀਤ ਕੌਰ ਨੇ 74 ਫੀਸਦੀ ਅੰਕਾਂ ਨਾਲ ਦੂਜਾ ਅਤੇ ਹਰਮਨਪ੍ਰੀਤ ਕੌਰ ਤੇ ਚੇਤਨਾ ਦੋਵਾਂ ਨੇ 73-73 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਿਲ ਕੀਤਾ ਹੈ। ਐੱਮ.ਏ. ਪੰਜਾਬੀ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਜਸ਼ਨਪ੍ਰੀਤ ਕੌਰ ਨੇ 70.2 ਫੀਸਦੀ ਅੰਕਾਂ ਨਾਲ ਪਹਿਲਾ, ਹਰਜਿੰਦਰ ਕੌਰ ਨੇ 66 ਫੀਸਦੀ ਅੰਕਾਂ ਨਾਲ ਦੂਜਾ ਅਤੇ ਮੋਨਿਕਾ ਨੇ 62 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਦੋਵੇਂ ਸਮੈਸਟਰਾਂ ਦੇ ਬਾਕੀ ਵਿਦਿਆਰਥੀ ਵੀ ਚੰਗੇ ਅੰਕਾਂ ਨਾਲ ਪਾਸ ਹੋਏ ਹਨ। ਇਸ ਮੌਕੇ ਪ੍ਰਿੰਸੀਪਲ ਸਮੇਤ ਵਿਭਾਗ ਦੇ ਹੋਰ ਅਧਿਆਪਕਾਂ ਡਾ. ਬਲਵੀਰ ਕੌਰ, ਡਾ. ਪ੍ਰਭਜੋਤ ਕੌਰ, ਪ੍ਰੋ ਅਸ਼ੋਕ ਕੁਮਾਰ ਅਤੇ ਪ੍ਰੋ ਜਸਦੀਪ ਕੌਰ ਨੇ ਵੀ ਇਨ੍ਹਾਂ ਵਿਦਿਆਰਥੀਆਂ ਨੂੰ ਚੰਗੇ ਨਤੀਜੇ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

ਗੋਇਨਕਾ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਵਿਸਾਖੀ ਦਾ ਤਿਉਹਾਰ

ਕਪੂਰਥਲਾ (ਹਨੀ)-ਜੀ ਡੀ ਗੋਇਨਕਾ ਇੰਟਰਨੈਸਨਲ ਸਕੂਲ ਕਪੂਰਥਲਾ ਵਿਖੇ ਵਿਸਾਖੀ ਦਾ ਤਿਉਹਾਰ ਧੂਮ ਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਸੁਰੂਆਤ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ । ਇਸ ਦੌਰਾਨ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਉਪਰੰਤ ਸਿੱਖ ਇਤਿਹਾਸ ਤੇ ਦੇਸ਼ ਭਗਤੀ ਨਾਲ ਸਬੰਧਿਤ ਕਵਿਤਾਵਾਂ, ਕਵੀਸ਼ਰੀ ਅਤੇ ਜਲ੍ਹਿਆਂਵਾਲਾ ਬਾਗ ਦਾ ਸਾਕਾ, ਦੱਸਵੇਂ ਪਾਤਸ਼ਾਹ ਵੱਲੋਂ ਖਾਲਸਾ ਪੰਥ ਦੀ ਸਥਾਪਨਾ ਅਤੇ ਕਿਸਾਨਾਂ ਦੀ ਕਣਕ ਵੱਢਣ ਦੀ ਖੁਸ਼ੀ ਨੂੰ ਵਿਦਿਆਰਥੀਆਂ ਆਪਣੀ ਕਲਾ ਰਾਹੀਂ ਪੇਸ਼ ਕੀਤਾ। ਵਿਦਿਆਰਥੀਆਂ ਵਲੋਂ ਸਿੱਖ ਮਾਰਸ਼ਲ ਆਰਟ ਦੀ ਖੇਡ ਗੱਤਕਾ ਵੀ ਖੇਡਿਆ ਗਿਆ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਸਾਖੀ ਸਿਰਫ ਵਾਢੀ ਦਾ ਤਿਉਹਾਰ ਹੀ ਨਹੀਂ ਬਲਕਿ ਇੱਕ ਸ਼ੁੱਭ ਦਿਹਾੜਾ ਵੀ ਹੈ ਕਿਉਂਕਿ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ । ਇਸ ਮੌਕੇ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ।ਉਨ੍ਹਾਂ ਨੇ ਸਮੂਹ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆ ਕਿਸਾਨੀ ਵਰਗ ਤੋਂ ਜੀਵਨ ਦੀ ਪ੍ਰੇਰਨਾ ਲੈਂਦੇ ਹੋਏ ਸਖਤ ਮਿਹਨਤ ਕਰਨ ਅਤੇ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜਰ ਸਨ ।

ਬਨਵਾਰੀ ਲਾਲ ਪੁਰੋਹਿਤ ਵੱਲੋਂ ਲੋਕਾਂ ਨੂੰ ਵਿਸਾਖੀ ਦੀਆਂ ਵਧਾਈਆਂ

ਚੰਡੀਗੜ੍ਹ, (ਕ੍ਰਿਸ਼ਨ ਗਰਗ)—ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਵਿਸਾਖੀ ਮੌਕੇ ਦੇਸ਼-ਵਿਦੇਸ਼ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਇਸ ਸ਼ੁੱਭ ਤਿਉਹਾਰ ਦੀਆਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।ਆਪਣੇ ਸੰਦੇਸ਼ ਵਿੱਚ ਪੁਰੋਹਿਤ ਨੇ ਕਿਹਾ ਕਿ ਵਿਸਾਖੀ ਦਾ ਤਿਉਹਾਰ ਬਹੁਪੱਖੀ ਮਹੱਤਤਾ ਰੱਖਦਾ ਹੈ।

ਇਹ ਵਾਢੀ ਦੇ ਮੌਸਮ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ ਜੋ ਖੁਸ਼ੀਆਂ ਅਤੇ ਖੁਸ਼ਹਾਲੀ ਦਾ ਸੰਕੇਤ ਦਿੰਦਾ ਹੈ। ਇਸ ਦੇ ਨਾਲ ਹੀ ਇਹ ਤਿਉਹਾਰ ਦੇਸ਼ ਦੀ ਤਰੱਕੀ ਵਿੱਚ ਸਾਡੇ ਕਿਸਾਨਾਂ ਦੇ ਯੋਗਦਾਨ ਲਈ ਉਹਨਾਂ ਦਾ ਧੰਨਵਾਦ ਕਰਨ ਦਾ ਮੌਕਾ ਵੀ ਹੈ।ਰਾਜਪਾਲ ਨੇ ਅੱਗੇ ਕਿਹਾ ਕਿ ਇਸ ਪਵਿੱਤਰ ਤਿਉਹਾਰ ਦਾ ਸਿੱਖ ਧਰਮ ਦੇ ਗੌਰਵਮਈ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਅੱਜ ਦੇ ਦਿਨ 1699 ਵਿੱਚ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੇ ਜ਼ੁਲਮ ਦਾ ਟਾਕਰਾ ਕਰਨ ਲਈ 'ਖ਼ਾਲਸਾ ਪੰਥ' ਦੀ ਸਥਾਪਨਾ ਕੀਤੀ ਸੀ।

ਪੁਰੋਹਿਤ ਨੇ ਅੱਗੇ ਕਿਹਾ ਕਿ ਇਹ ਦਿਨ 1919 ਵਿੱਚ ਸਾਡੀ ਆਜ਼ਾਦੀ ਦੇ ਅੰਦੋਲਨ ਵਿੱਚ ਵੀ ਆਪਣੀ ਮਹੱਤਵਪੂਰਨ ਛਾਪ ਛੱਡਦਾ ਹੈ। ਇਸ ਦਿਨ ਜਲ੍ਹਿਆਂ ਵਾਲਾ ਬਾਗ, ਅੰਮ੍ਰਿਤਸਰ ਵਿੱਚ ਅਨੇਕਾਂ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਅਤੇ ਇਸੇ ਕਤਲੇਆਮ ਨੇ ਆਜ਼ਾਦੀ ਦੀ ਲਹਿਰ ਨੂੰ ਵੱਡਾ ਹੁਲਾਰਾ ਦਿੱਤਾ ਸੀ।ਰਾਜਪਾਲ ਨੇ ਅੱਗੇ ਕਿਹਾ ਕਿ ਇਹ ਤਿਉਹਾਰ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਦੇਣ ਦੇ ਸਾਡੇ ਸੰਕਲਪ ਨੂੰ ਹੋਰ ਮਜ਼ਬੂਤ ਕਰੇ ਅਤੇ ਆਗਾਮੀ ਸਾਲ ਸਾਡੇ ਸਾਰੀਆਂ ਲਈ ਖੁਸ਼ੀਆਂ ਅਤੇ ਖੁਸ਼ਹਾਲੀ ਲੈ ਕੇ ਆਵੇ।

ਪੰਜਾਬ ਦੀਆਂ ਮੰਡੀਆਂ 'ਚ ਕਣਕ ਦੀ ਆਮਦ, ਖਰੀਦ ਤੇ ਲਿਫਟਿੰਗ ਦਾ ਕੰਮ ਸ਼ੁਰੂ

ਚੰਡੀਗੜ੍ਹ (ਗੁਰਜੀਤ ਬਿੱਲਾ) - ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਹਾੜ੍ਹੀ ਸੀਜ਼ਨ 2024-25 ਦੌਰਾਨ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਨਾ ਆਉਣ ਦੀ ਗੱਲ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਸ਼ੁਰੂ ਹੋ ਗਈ ਹੈ, ਜਿਸ ਦੇ ਚਲਦਿਆਂ ਹੁਣ ਤੱਕ ਮੰਡੀਆਂ ਵਿੱਚ 5596 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 2717 ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਜਿਸ ਵਿੱਚੋਂ 1793 ਮੀਟ੍ਰਿਕ ਟਨ ਸਰਕਾਰੀ ਅਤੇ 924 ਮੀਟ੍ਰਿਕ ਟਨ ਕਣਕ ਦੀ ਪ੍ਰਾਈਵੇਟ ਪੱਧਰ 'ਤੇ ਖਰੀਦ ਹੋਈ ਚੁੱਕੀ ਹੈ ਅਤੇ 742 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਵੀ ਹੋ ਗਈ ਹੈ। ਬਰਸਟ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਹਾੜ੍ਹੀ ਸੀਜਨ ਦੌਰਾਨ ਕੁੱਲ 1907 ਖਰੀਦ ਕੇਂਦਰ ਅਤੇ 517 ਆਰਜ਼ੀ ਖਰੀਦ ਕੇਂਦਰ ਘੋਸ਼ਿਤ ਕੀਤੇ ਗਏ ਹਨ। ਜਿੱਥੇ ਪੰਜਾਬ ਦੇ ਲੋਕਾਂ, ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਵਪਾਰੀਆਂ ਲਈ ਖਰੀਦ ਪ੍ਰਬੰਧਾਂ ਨੂੰ ਸਹੀ ਚਲਾਉਣ ਦੇ ਲਈ ਸੁਚੱਜੇ ਪ੍ਰਬੰਧ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਸਾਰੀਆਂ ਮੰਡੀਆਂ ਦੀ ਸਾਫ-ਸਫਾਈ, ਪੀਣ ਯੋਗ ਪਾਣੀ ਦੇ ਪ੍ਰਬੰਧ, ਬਿਜਲੀ ਦੇ ਯੋਗ ਪ੍ਰਬੰਧ, ਬੈਠਣ ਲਈ ਛਾਂ ਅਤੇ ਪਖਾਨਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਜ਼ਿਲ੍ਹਾ ਮੰਡੀ ਅਫਸਰਾਂ ਨੂੰ ਨਿੱਜੀ ਪੱਧਰ 'ਤੇ ਚੈਕਿੰਗ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਨਾਲ ਹੀ ਚੈਕਿੰਗ ਦੇ ਲਈ ਮੁੱਖ ਦਫਤਰ ਪੱਧਰ ਤੇ ਫਲਾਇੰਗ ਸੁਕਾਇਡ ਟੀਮ ਵੀ ਬਣਾਈ ਗਈ ਹੈ। ਮੁੱਖ ਦਫਤਰ ਵਿਖੇ ਕੰਟਰੋਲ ਰੂਮ ਵੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ 1907 ਖਰੀਦ ਕੇਂਦਰ ਘੋਸ਼ਿਤ ਕੀਤੇ ਗਏ ਹਨ ਅਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਜਨਤਕ ਥਾਵਾਂ 'ਤੇ 517 ਆਰਜ਼ੀ ਖਰੀਦ ਕੇਂਦਰ ਵੀ ਐਲਾਨੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਲੈਂਡਮਾਰਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ) :- ਲੈਂਡਮਾਰਕ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰਿੰਸੀਪਲ ਸ਼੍ਰੀਮਤੀ ਧੀਰ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ, ਜਿਸ ਨਾਲ ਇਸ ਖੁਸ਼ੀ ਦੇ ਮੌਕੇ ਬਾਰੇ ਉਨ੍ਹਾਂ ਦੀ ਸਮਝ ਵਿੱਚ ਵਾਧਾ ਹੋਇਆ। ਰਵਾਇਤੀ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੂੰ ਕਣਕ ਦੇ ਖੇਤ ਵਿੱਚ ਲਿਜਾ ਕੇ ਪੱਕੀ ਫ਼ਸਲ ਵਿਖਾਈ ਗਈ। ਅੰਤ ਵਿੱਚ ਵਿਦਿਆਰਥੀਆਂ ਨੇ ਪੰਜਾਬੀ ਲੋਕ ਗੀਤਾਂ 'ਤੇ ਭੰਗੜਾ ਪਾ ਕੇ ਸਮਾਂ ਬੰਨ੍ਹ ਦਿੱਤਾ।

ਸਰਕਾਰੀ ਪ੍ਰਾਇਮਰੀ ਸਕੂਲ ਦੁਰਗਾਪੁਰ 'ਚ ਸਾਲਾਨਾ ਸਮਾਗਮ ਕਰਵਾਇਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਦੁਰਗਾਪੁਰ ਵਿਖੇ ਮੁੱਖ ਅਧਿਆਪਕਾ ਕਰਮਜੀਤ ਦੀ ਅਗਵਾਈ ਹੇਠ ਸਾਲਾਨਾ ਸਮਾਗਮ ਕਰਵਾਇਆ। ਇਸ ਮੌਕੇ ਸਮੇਤ ਸਮੂਹ ਸਟਾਫ ਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਮੁੱਖ ਅਧਿਆਪਕ ਕਰਮਜੀਤ, ਅਧਿਆਪਕਾ ਭੁਪਿੰਦਰ ਸਿੰਘ, ਤਜਿੰਦਰ ਕੌਰ, ਕਮਲਜੀਤ ਨੇ ਆਏ ਮਹਿਮਾਨਾਂ ਤੇ ਬੱਚਿਆਂ ਦੇ ਮਾਪਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਸਕੂਲ ਦੀਆਂ ਸਾਲਾਨਾ ਪ੍ਰਾਪਤੀਆਂ ਬਾਰੇ ਦੱਸਿਆ। ਕਰਮਜੀਤ ਕੌਰ ਨੇ ਬੱਚਿਆਂ ਦੇ ਨਤੀਜੇ ਐਲਾਨੇ । ਦੂਸਰੀ ਕਲਾਸ ਦੀ ਪਰਨੀਤ ਕੌਰ ਪੁਤਰੀ ਕੁਲਵਿੰਦਰ ਸਿੰਘ ਮਾਤਾ ਤਰਮੇਸ਼ ਕੌਰ ਪਹਿਲੇ ਸਥਾਨ 'ਤੇ ਆਈ। ਅਧਿਆਪਕਾ ਭੁਪਿੰਦਰ ਸਿੰਘ, ਤਜਿੰਦਰ ਕੌਰ, ਕਮਲਜੀਤ ਨੇ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੋਰ ਕੜੀ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਪ੍ਰਿੰਸੀਪਲ ਨੇ ਮਾਪਿਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅਸੀਂ ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿੰਦੇ ਹਾਂ, ਸਾਡੇ ਵਿਚ ਕੋਈ ਕਮੀਂ ਦਿੱਸਦੀ ਹੈ ਤਾਂ ਉਹ ਬੰਝਿਜਕ ਸਾਨੂੰ ਦੱਸੋ। ਉਨ੍ਹਾਂ ਕਿਹਾ ਸਾਨੂੰ ਆਪਣੇ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ।

ਸੂਰਜ ਪ੍ਰਕਾਸ਼ ਵੱਲੋਂ ਸਰੀਰ ਦਾਨ ਕਰਨ ਦਾ ਪ੍ਰਣ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜਿਊਂਦੇ ਜੀਅ ਖੂਨਦਾਨ ਅਤੇ ਮਰਨ ਉਪਰੰਤ ਅੱਖਾਂ ਅਤੇ ਸਰੀਰ ਦਾਨ ਦੇ ਨਾਅਰੇ ਨੂੰ ਸਾਰਥਕ ਕਰਦਿਆਂ, ਹੁਸ਼ਿਆਰਪੁਰ ਦੇ ਦੀਆ ਨਗਰ ਨਿਵਾਸੀ ਸੂਰਜ ਪ੍ਰਕਾਸ਼ ਵੱਲੋ ਹੁਸ਼ਿਆਰਪੁਰ ਵਿਖੇ ਪਹੁੰਚ ਕੇ ਨੇਤਰਦਾਨ ਸੰਸਥਾ ਹੁਸ਼ਿਆਰਪ

14-April-PAGE-9-Doaba-24.qxd 4/13/2024 9:31 PM Page 1

ਆਰ ਐੱਮ ਪੀ ਆਈ ਵੱਲੋਂ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਸੰਵਿਧਾਨ ਬਚਾਓ ਦਿਵਸ ਵਜੋਂ ਮਨਾਇਆ ਜਾਵੇਗਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- - ਅੱਜ ਇੱਥੇ ਸਥਾਨਿਕ ਗਾਂਧੀ ਪਾਰਕ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਇਕਾਈ ਦੀ ਮੀਟਿੰਗ ਕਾਮਰੇਡ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਹੋਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਪਾਰਟੀ ਦੇ ਸਕੱਤਰ ਰਾਮਜੀ ਦਾਸ ਚੌਹਾਨ ਨੇ ਦੱਸਿਆ ਕਿ ਮੀਟਿੰਗ ਵਿੱਚ ਜਿੱਥੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਐਕਸ਼ਨਾਂ ਵਿੱਚ ਕੀਤੀ ਸ਼ਮੂਲੀਅਤ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਉੱਥੇ ਸਮੁੱਚੇ ਭਾਰਤ ਦੇਸ਼ ਅਤੇ ਪ੍ਰਾਂਤ ਦੀ ਰਾਜਨੀਤਕ ਅਵਸਥਾ ਦੀ ਸਮੀਖਿਆ ਕਰਦਿਆਂ ਡਾਢੀ ਫ਼ਿਕਰਮੰਦੀ ਪ੍ਰਗਟ ਕੀਤੀ ਗਈ। ਉਹਨਾਂ ਦੱਸਿਆ ਕਿ ਦੇਸ਼ ਅੰਦਰ ਹਾਕਮ ਮੋਦੀ ਸਰਕਾਰ ਵੱਲੋਂ ਮਿਹਨਤਕਸ਼ ਅਵਾਮ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਪਾਰਲੀਮੈਂਟ ਚੋਣਾਂ ਵਿੱਚ ਲੋਕਾਂ ਨੂੰ ਧਰਮਾਂ, ਜਾਤਾਂ ਅਤੇ ਫ਼ਿਰਕਿਆਂ ਵਿਚ ਵੰਡਣ ਦੀ ਬਹੁਤ ਹੀ ਖ਼ਤਰਨਾਕ ਖੇਡ ਖੇਡੀ ਜਾ ਰਹੀ ਹੈ।

ਸੰਵਿਧਾਨਿਕ ਸੰਸਥਾਵਾਂ ਈ ਡੀ, ਸੀ ਬੀ ਆਈ ਅਤੇ ਇਨਕਮ ਟੈਕਸ ਵਿਭਾਗ ਨੂੰ ਵਿਰੋਧੀਆਂ ਨੂੰ ਡਰਾਉਣ ਧਮਕਾਉਣ ਲਈ ਲਈ ਵਰਤਿਆ ਜਾ ਰਿਹਾ ਹੈ। ਚੋਣਾਂ ਵਿੱਚ ਵੱਧ ਸੀਟਾਂ ਲੁੱਟਣ ਲਈ ਅਤਿ ਨੀਵੇਂ ਦਰਜੇ ਦੇ ਘਟੀਆ ਹਥਕੰਡੇ ਅਪਣਾਏ ਜਾ ਰਹੇ ਹਨ। ਦੇਸ਼ ਦੇ ਆਮ ਲੋਕਾਂ, ਕਿਸਾਨਾਂ, ਮਜ਼ਦੂਰਾਂ ਮਿਹਨਤਕਸ਼ਾਂ ਅਤੇ ਬੇਰੁਜਗਾਰਾਂ ਦੀਆਂ ਸਮੱਸਿਆਂਵਾਂ ਤੋਂ ਪੂਰੀ ਤਰਾਂ ਨਾਲ ਪਿੱਠ ਮੋੜ ਲਈ ਹੈ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਬੀ ਜੇ ਪੀ ਦੀ ਫ਼ਿਰਕੂ ਫਾਸ਼ੀਵਾਦੀ ਸਰਕਾਰ ਨੂੰ ਸਤਾ ਤੋਂ ਲਾਂਭੇ ਕਰਨ ਲਈ ਬੱਝਵੇਂ ਯਤਨਾਂ ਨਾਲ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਸੰਵਿਧਾਨ ਬਚਾਓ ਦਿਵਸ ਵਜੋਂ ਮਨਾਇਆ ਜਾਵੇਗਾ ਅਤੇ ਕੌਮਾਂਤਰੀ ਮਜ਼ਦੂਰ ਦਿਵਸ ਵੱਡੇ ਪੱਧਰ ਤੇ ਮਨਾਇਆ ਜਾਵੇਗਾ ਅਤੇ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਵਾਰੇ ਜਾਗਰੂਕ ਕੀਤਾ ਜਾਵੇਗਾ।

ਮੀਟਿੰਗ ਵਿੱਚ ਮਿਹਨਤਕਸ਼ ਅਵਾਮ ਦੀਆਂ ਵੱਖ ਵੱਖ ਜੱਥੇਬੰਦੀਆਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਵਿੱਚ ਭਰਵਾਂ ਸਹਿਯੋਗ ਦੇਣ ਦਾ ਫ਼ੈਸਲਾ ਵੀ ਲਿਆ ਗਿਆ। ਮੀਟਿੰਗ ਵਿੱਚ ਪਾਰਟੀ ਦੇ ਜ਼ਿਲ੍ਹਾ ਆਗੂ ਕਾਮਰੇਡ ਕੁਲਭੂਸ਼ਣ ਕੁਮਾਰ, ਬਲਵੰਤ ਰਾਮ, ਸ਼ਿੰਗਾਰਾ ਰਾਮ ਭੱਜਲ, ਗੋਪਾਲ ਦਾਸ, ਸ਼ਾਮ ਸੁੰਦਰ, ਦਵਿੰਦਰ ਸਿੰਘ, ਕਿਸ਼ੋਰੀ ਲਾਲ, ਗਿਆਨੀ ਅਵਤਾਰ ਸਿੰਘ ਥਾਣਾ ਅਤੇ ਰਾਮਜੀ ਦਾਸ ਚੌਹਾਨ ਸ਼ਾਮਲ ਹੋਏ।

ਨਕਾਬਪੋਸ਼ ਲੁਟੇਰਿਆਂ ਨੇ ਨੌਜਵਾਨ ਕੀਤਾ ਗੰਭੀਰ ਜ਼ਖ਼ਮੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਜ਼ਿਲ੍ਹਾ ਜਲੰਧਰ ਦੇ ਥਾਣਾ ਸ਼ਾਹਕੋਟ ਤੋਂ ਸਿਰਫ 1 ਕਿਲੋਮੀਟਰ ਦੂਰੀ 'ਤੇ ਨੈਸ਼ਨਲ ਹਾਈਵੇ ਤੇ ਬੱਚੇ ਸਕੂਲ ਛੱਡ ਕੇ ਘਰ ਆ ਰਹੇ ਨੌਜਵਾਨ ਸਾਹਿਬ ਸਿੰਘ ਪੁੱਤਰ ਕੁਲਦੀਪ ਸਿੰਘ ਨਿਵਾਸੀ ਪਿੰਡ ਕਿਲੀ (ਸ਼ਾਹਕੋਟ) ਨੂੰ ਮੋਟਰ ਸਾਈਕਲ ਤੇ ਸਵਾਰ 2 ਨਕਾਬਪੋਸ਼ ਲੁਟੇਰਿਆਂ ਬੜੀ ਬੇਰਹਿਮੀ ਨਾਲ ਸਿਰ ਵਿਚ ਲੋਹੇ ਦਾ ਰਾਡ ਮਾਰ ਕੇ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ । ਇਸ ਸਮੇ ਲਹੂ ਲੁਹਾਨ ਹੋਏ ਨੌਜਵਾਨ ਨੂੰ ਨੇੜਲੇ ਦੁਕਾਨਦਾਰਾਂ ਸਿਵਲ ਹਸਪਤਾਲ ਸ਼ਾਹਕੋਟ ਵਿਖੇ ਦਾਖਲ ਕਰਵਾਇਆ ਗਿਆ ।

ਪੀੜਤ ਸਾਹਿਬ ਸਿੰਘ ਨੇ ਦੱਸਿਆ ਕਿ ਉਹ ਰੋਜ ਵਾਂਗ ਆਪਣੇ ਬੱਚੇ ਸਕੂਲ ਛੱਡ ਕੇ ਮੋਟਰ ਸਾਈਕਲ 'ਤੇ ਮੋਗਾ ਹਾਈਵੇ ਤੋਂ ਆਪਣੇ ਪਿੰਡ ਕਿਲੀ, ਜਾਫਰਵਾਲ ਵੱਲ ਨੂੰ ਮੁੜਨ ਲਈ ਹੇਠਾਂ ਆ ਰਿਹਾ ਸੀ ਕਿ ਪਿੱਛੋਂ ਮੋਟਰ ਸਾਈਕਲ ਤੇ ਆ ਰਹੇ 2 ਅਣਪਛਾਤੇ ਨੌਜਵਾਨਾਂ , ਜਿਨ੍ਹਾਂ ਦੇ ਮੂੰਹ ਬੰਨੇ ਹੋਏ ਸਨ , ਕੋਲ ਆਏ ਤੇ ਮੈਨੂੰ ਲੁੱਟਣ ਦੀ ਨੀਅਤ ਨਾਲ ਹੇਠਾਂ ਸੁੱਟਣ ਲਈ ਮੇਰੇ ਸਿਰ ਵਿਚ ਲੋਹੇ ਦਾ ਰਾਡ ਮਾਰਿਆ ।ਜਿਸ ਨਾਲ ਮੈਂ ਪਹਿਲਾਂ ਮੋਟਰ ਸਾਈਕਲ ਹੋਲੀ ਕੀਤਾ ਤੇ ਜਦ ਮੈਨੂੰ ਦੋਬਾਰਾ ਸੁੱਟਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਆਪਣਾ ਮੋਟਰ ਸਾਈਕਲ ਤੇਜ ਭਜਾ ਲਿਆ ਤੇ ਆਪਣੇ ਪਿੰਡਾਂ ਵਾਲੀ ਸੜਕ ਵੱਲ ਮੁੜ ਗਿਆ । ਇਸੇ ਦੌਰਾਨ ਸੜਕ ਕਿਨਾਰੇ ਬਣੀਆਂ ਦੁਕਾਨਾਂ ਕੋਲ ਮੈਂ ਰੁਕਿਆ ਤਾਂ ਜਦ ਨੇੜਲੇ ਦੁਕਾਨਦਾਰਾਂ ਮੇਰੇ ਖੂਨ ਵਗਦਾ ਦੇਖਿਆ ਤਾਂ ਉਨ੍ਹਾਂ ਤੁਰੰਤ ਸਿਵਲ ਹਸਪਤਾਲ ਸ਼ਾਹਕੋਟ ਦਾਖਲ ਕਰਵਾਇਆ । ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਿਵਲ ਹਸਪਤਾਲ ਤੋਂ ਮੈਡੀਕਲ ਰਿਪੋਰਟ ਥਾਣਾ ਸ਼ਾਹਕੋਟ ਨੂੰ ਭੇਜ ਦਿੱਤੀ ਗਈ ਤੇ ਪੁਲਸ ਨੂੰ ਵੀ ਘਟਨਾ ਦੀ ਸੂਚਨਾ ਦਿੱਤੀ ਗਈ ।ਪਰ ਹੈਰਾਨੀ ਦੀ ਗੱਲ ਹੈ ਕਿ ਅੱਜ ਦੋ ਦਿਨ ਬੀਤਣ 'ਤੇ ਵੀ ਪੁਲਸ ਉਸਦੇ ਕੋਲ ਬਿਆਨ ਲੈਣ ਨਹੀਂ ਆਈ ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਨੂੰ ਰਾਸ਼ਟਰੀ ਪੱਧਰ 'ਤੇ ਦੂਜਾ ਸਥਾਨ: ਸਿਬਿਨ ਸੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਰਗਰਮ ਭੂਮਿਕਾ ਨਿਭਾਉਣ ਅਤੇ ਵੋਟਰਾਂ ਨੂੰ ਮਹੱਤਵਪੂਰਨ ਜਾਣਕਾਰੀਆਂ ਦੇ ਪ੍ਰਭਾਵਸ਼ਾਲੀ ਪ੍ਰਸਾਰ ਲਈ ਦੇਸ਼ ਭਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਇੰਡੈਕਸ ਮਾਪਦੰਡਾਂ ਦੇ ਆਧਾਰ 'ਤੇ ਪੰਜਾਬ ਦੂਜੇ ਸਥਾਨ 'ਤੇ ਹੈ, ਜਦਕਿ ਮਹਾਰਾਸ਼ਟਰ ਪਹਿਲੇ, ਕਰਨਾਟਕ ਤੀਜੇ, ਉੱਤਰਾਖੰਡ ਚੌਥੇ ਅਤੇ ਉੱਤਰ ਪ੍ਰਦੇਸ਼ ਪੰਜਵੇਂ ਸਥਾਨ 'ਤੇ ਹੈ।ਸਿਬਿਨ ਸੀ ਨੇ ਦੱਸਿਆ ਕਿ ਉਨ੍ਹਾਂ ਦੇ ਦਫਤਰ ਦੇ ਸੋਸ਼ਲ ਮੀਡੀਆ ਹੈਂਡਲਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂਟਿਊਬ) ਉੱਤੇ ਲੋਕ ਸਭਾ ਚੋਣਾਂ 2024, ਚੋਣਾਂ ਨਾਲ ਸਬੰਧਤ ਵੇਰਵਿਆਂ, ਰਾਜਨੀਤਿਕ ਪਾਰਟੀਆਂ ਨਾਲ ਸਬੰਧਿਤ ਦਿਸ਼ਾ-ਨਿਰਦੇਸ਼ਾਂ ਅਤੇ ਭਾਰਤੀ ਚੋਣ ਕਮਿਸ਼ਨ ਦੀਆਂ ਮੁੱਖ ਹਦਾਇਤਾਂ ਸਬੰਧੀ ਮਹੱਤਵਪੂਰਨ ਜਾਣਕਾਰੀਆਂ ਨੂੰ ਲਗਾਤਾਰ ਅਪਡੇਟ ਕੀਤਾ ਜਾਂਦਾ ਹੈ ਅਤੇ ਲੱਖਾਂ ਸੋਸ਼ਲ ਮੀਡੀਆ ਵਰਤੋਂਕਾਰ ਇਸ ਤੋਂ ਲਾਭ ਉਠਾਉਂਦੇ ਹਨ। ਇਸ ਤੋਂ ਇਲਾਵਾ, ਸੀ-ਵਿਜਿਲ ਐਪਲੀਕੇਸ਼ਨ ਦੁਆਰਾ ਪ੍ਰਾਪਤ ਸ਼ਿਕਾਇਤਾਂ ਦੀ ਸਥਿਤੀ ਬਾਰੇ ਸਮੇਂ-ਸਮੇਂ ਉੱਤੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਉੱਤੇ ਅੱਪਡੇਟ ਸਾਂਝੇ ਕੀਤੇ ਜਾਂਦੇ ਹਨ।ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਨੇ ਇਕ ਨਿਵੇਕਲੀ ਪਹਿਲਕਦਮੀ ਤਹਿਤ ਵੋਟਰਾਂ ਨੂੰ ਚੋਣ ਪ੍ਰਕਿਰਿਆਵਾਂ ਬਾਰੇ ਜ਼ਰੂਰੀ ਜਾਣਕਾਰੀਆਂ ਪ੍ਰਦਾਨ ਕਰਨ ਲਈ ਨਿਯਮਤ ਪੋਡਕਾਸਟ ਸ਼ੁਰੂ ਕੀਤਾ ਹੈ। ਇਸ ਨੂੰ ਸ਼ੁਰੂ ਕਰਨ ਦਾ ਮਕਸਦ ਚੋਣ ਪ੍ਰਕਿਰਿਆਵਾਂ ਦੇ ਮੁੱਖ ਪਹਿਲੂਆਂ, ਜਿਵੇਂ ਕਿ ਵੋਟਰ ਰਜਿਸਟ੍ਰੇਸ਼ਨ, ਵੋਟਿੰਗ ਪ੍ਰਕਿਰਿਆਵਾਂ ਅਤੇ ਨਾਗਰਿਕਾਂ ਦੀ ਵੋਟਿੰਗ ਵਿੱਚ ਭਾਗੀਦਾਰੀ ਦੀ ਮਹੱਤਤਾ ਉੱਤੇ ਚਾਨਣਾ ਪਾਉਣਾ ਹੈ ਤਾਂ ਜੋ ਵੋਟਰ ਜਾਗਰੂਕਤਾ ਅਤੇ ਲੋਕਾਂ ਦੀ ਸ਼ਮੂਲੀਅਤ ਨੂੰ ਵਧਾਇਆ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਦਰਸ਼ਕਾਂ ਨੂੰ ਇਸ ਪੋਡਕਾਸਟ ਰਾਹੀਂ ਮਾਹਰ ਵਿਸ਼ਲੇਸ਼ਣ ਅਤੇ ਵਿਚਾਰ-ਵਟਾਂਦਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ ਤਾਂ ਜੋ ਉਹ ਇਸ ਲੋਕਤੰਤਰੀ ਪ੍ਰਕਿਰਿਆ ਵਿੱਚ ਇਕ ਜਾਗਰੂਕ ਵੋਟਰ ਬਣ ਕੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਸਕਣ।

ਕਲੇਰ ਨੇ ਕੀਤਾ ਨੈਸ਼ਨਲ ਹਾਈਵੇ ਦਾ ਦੌਰਾ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਨੈਸ਼ਨਲ ਹਾਈਵੇ (Phagwara Stretch) ਦੀ ਸਾਫ਼-ਸਫ਼ਾਈ ਅਤੇ ਹਾਈਵੇ ਉੱਪਰ ਲੱਗੀਆਂ ਲਾਈਟਸ ਦੀ ਸਮੱਸਿਆ ਦੇ ਪੁਖ਼ਤਾ ਹੱਲ ਲਈ ਫ਼ਗਵਾੜਾ ਸਬ-ਡਵੀਜ਼ਨ ਦੇ ਵਧੀਕ ਡਿਪਟੀ ਕਮਿਸ਼ਨਰ-ਕਮ-ਕਮਿਸ਼ਨਰ, ਨਗਰ ਨਿਗਮ, ਫਗਵਾੜਾ ਸ਼੍ਰੀਮਤੀ ਅਨੁਪਮ ਕਲੇਰ, ਪੀ.ਸੀ.ਐੱਸ. ਵੱਲੋਂ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ, ਠੇਕੇਦਾਰ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਨੈਸ਼ਨਲ ਹਾਈਵੇ (Phagwara Stretch) ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨੂੰ ਮੌਕੇ ਉੱਪਰ ਹੀ ਨੈਸ਼ਨਲ ਹਾਈਵੇ ਅਤੇ ਇਸ ਦੇ ਨਾਲ ਲੱਗਦੀ ਸਰਵਿਸ ਲੇਨ ਦੀ ਸਾਫ਼-ਸਫ਼ਾਈ ਕਰਨ ਅਤੇ ਹਾਈਵੇ ਉੱਪਰ ਲੱਗੀਆਂ ਲਾਈਟਸ ਨੂੰ ਤੁਰੰਤ ਚਾਲੂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੀਮਤੀ ਕਲੇਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੀ ਹਰ ਸਮੱਸਿਆ ਦਾ ਹੱਲ ਕਰਨਾ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸ਼ਹਿਰ ਦੀ ਸਾਫ਼-ਸਫ਼ਾਈ ਵਿੱਚ ਪ੍ਰਸ਼ਾਸ਼ਨ ਦਾ ਸਹਿਯੋਗ ਕਰਨ।

ਲਿਟਲ ਕਿੰਗਡਮ ਸਕੂਲ ਵਿਖੇ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ)-ਲਿਟਲ ਕਿੰਗਡਮ ਇੰਟਰਨੈਸ਼ਨਲ ਸਕੂਲ ਵਿਖੇ ਬੱਚਿਆਂ ਅਤੇ ਅਧਿਆਪਕਾਂ ਨੇ ਵਿਸਾਖੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਅਤੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਝਲਕ ਪੇਸ਼ ਕੀਤੀ। ਡਾਇਰੈਕਟਰ ਕਾਊਂਸਲਰ ਆਸ਼ੂ ਵੈਦ ਦੀ ਅਗਵਾਈ ਹੇਠ ਪ੍ਰਿੰਸੀਪਲ ਮੀਤਾ ਆਨੰਦ ਅਤੇ ਚੇਅਰਪਰਸਨ ਨੇਹਾ ਵੈਦ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਟਾਂਡਾ ਪੁਲਸ ਦੀ ਏ.ਐਸ.ਆਈ ਮਨਿੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਮੀਨਾਕਸ਼ੀ ਦਿਆਲ, ਹਿਨਾ ਵੈਦ ਅਤੇ ਈਸ਼ਾ ਵੈਦ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਕੂਲ ਦੀਆਂ ਛੋਟੀਆਂ ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵੇ ਵਿਚ ਸਜੇ ਮੁੱਖ ਮਹਿਮਾਨ ਮੈਡਮ ਮਨਿੰਦਰਾ ਕੌਰ ਦਾ ਸਕੂਲ ਪਹੁੰਚਣ 'ਤੇ ਸਵਾਗਤ ਕੀਤਾ। ਜਿਸ ਤੋਂ ਬਾਅਦ ਸਕੂਲ ਦੇ ਅਧਿਆਪਕਾਂ ਅਤੇ ਪ੍ਰਿੰਸੀਪਲ ਮੀਤਾ ਆਨੰਦ ਨੇ ਸਾਰੇ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਮੀਤਾ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਸਬੰਧੀ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ । ਕਣਕ ਦੀ ਫ਼ਸਲ ਪੱਕਣ 'ਤੇ ਕਿਸਾਨ ਇਸ ਤਿਉਹਾਰ ਨੂੰ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਕੇ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਜਿਸ ਵਿੱਚ ਸੋਲੋ ਡਾਂਸ, ਗਰੁੱਪ ਡਾਂਸ, ਕਵਿਤਾ ਅਤੇ ਪੰਜਾਬੀ ਲੋਕ ਨਾਚ ਗਿੱਧਾ ਭੰਗੜਾ ਦੀ ਪੇਸ਼ਕਾਰੀ ਦੇਖਣਯੋਗ ਸੀ। ਮੁੱਖ ਮਹਿਮਾਨ ਮੈਡਮ ਮਨਿੰਦਰਾ ਕੌਰ ਨੇ ਸਮੂਹ ਬੱਚਿਆਂ ਅਤੇ ਅਧਿਆਪਕਾਂ ਨੂੰ ਵਿਸਾਖੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਹਰ ਤਿਉਹਾਰ ਸਾਨੂੰ ਆਪਸ ਵਿੱਚ ਭਾਈਚਾਰਕ ਸਾਂਝ ਵਧਾਉਣ ਦਾ ਸੁਨੇਹਾ ਦਿੰਦਾ ਹੈ। ਇਸ ਲਈ ਸਾਰਿਆਂ ਨੂੰ ਮਿਲ ਕੇ ਹਰ ਤਿਉਹਾਰ ਮਨਾਉਣਾ ਚਾਹੀਦਾ ਹੈ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ । ਇਸ ਮੌਕੇ ਕਾਂਸਟੇਬਲ ਅਮਨਦੀਪ ਕੌਰ, ਜਸਵੀਰ ਸਿੰਘ, ਕਾਂਸਟੇਬਲ ਅਮਨਦੀਪ, ਗਗਨਦੀਪ ਕੌਰ, ਦੀਪਿਕਾ ਵੈਦ, ਮੀਨੂੰ ਕਤਿਆਲ, ਸੁਮਿਤਰੀ, ਨੀਨਾ ਵਾਲੀਆ, ਚਰਨਜੀਤ ਕੌਰ, ਮਮਤਾ, ਸਰਬਜੀਤ ਕੌਰ, ਸ਼ੀਤਲ ਕੌਰ, ਸੋਹਲ, ਸੂਰਜ ਸਹੋਤਾ, ਪਵਨਦੀਪ, ਅਮਨਦੀਪ ਕੌਰ, ਸੁਖਜਿੰਦਰ ਕੌਰ ਸੈਣੀ, ਅਰਮਾਨ ਕੌਰ, ਨੇਕਤਾ ਸ਼ਰਮਾ, ਸੋਨਮ ਚੌਹਾਨ, ਲਖਬੀਰ ਸਿੰਘ ਅਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਨਜਾਇਜ਼ ਸ਼ਰਾਬ ਸਮੇਤ ਦੋ ਕਾਬੂ

ਕਾਲਾ ਸੰਘਿਆਂ (ਮਨਜੀਤ ਮਾਨ)- ਇੰਸਪੈਕਟਰ ਪਲਵਿੰਦਰ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਕਪੂਰਥਲਾ ਸਮੇਤ ਏ.ਐਸ.ਆਈ ਅਮਰਜੀਤ ਸਿੰਘ ਅਤੇ ਹੋਰ ਪਲਿਸ ਪਾਰਟੀ ਵੱਲੋਂ ਕਾਸੋ ਆਪ੍ਰੇਸ਼ਨ ਚਲਾਇਆ ਗਿਆ ਤੇ ਨਵਾਂ ਪਿੰਡ ਭੱਠੇ ਵਿਚ ਰੇਡ ਕੀਤਾ ਗਿਆ। ਗੋਪੀ ਪੁੱਤਰ ਅਜੀਤ ਸਿੰਘ ਅਤੇ ਸੁਖਜਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀਆਨ ਨਵਾਂ ਪਿੰਡ ਭੱਠੇ ਥਾਣਾ ਕੋਤਵਾਲੀ ਆਪਣੀ ਕਾਰ ਨੰਬਰ ਪੀ.ਬੀ 09 ਏ.ਐਨ 7015 ਸਮੇਤ 4000 ਐਮ ਐਲ ਨਜਾਇਜ ਸ਼ਰਾਬ ਕਾਬੂ ਕੀਤੀ ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 66 ਮਿਤੀ 07.04.2024 ਅ/ਧ 61, 78(2) ਈ ਐਕਸ ਐਕਟ ਥਾਣਾ ਕੋਤਵਾਲੀ ਕਪੂਰਥਲਾ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਗੋਪੀ ਅਤੇ ਸੁਖਜਿੰਦਰ ਸਿੰਘ ਉਕਤਾਨ ਦੇ ਖਿਲਾਫ ਮੁਕੱਦਮਾ ਨੰਬਰ 02 ਮਿਤੀ 04.01.2020 /ਅ/ਧ 307,342,332,353, 186,506, 427, 148,149 ਭ/ਦ ਕੋਤਵਾਲੀ ਕਪੂਰਥਲਾ ਦਰਜ ਹੈ।ਇਸੇ ਤਰ੍ਹਾਂ ਇੰਸਪੈਕਟਰ ਮੁਕੇਸ਼ ਕੁਮਾਰ ਮੁੱਖ ਅਫਸਰ ਥਾਣਾ ਸਦਰ ਕਪੂਰਥਲਾ ਨੇ ਦੱਸਿਆ ਕਿ ਏ ਐਸ ਆਈ ਜਸਵਿੰਦਰ ਸਿੰਘ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਉਰਫ ਕੁੱਕੂ ਪੁੱਤਰ ਗੁਰਦੇਵ ਸਿੰਘ ਵਾਸੀ ਲੱਖਣ ਖੁਰਦ ਥਾਣਾ ਸਦਰ ਕਪੂਰਥਲਾ ਜ਼ਿਲ੍ਹਾ ਕਪੂਰਥਲ

14-APRIL-PAGE-1.qxd 4/13/2024 9:18 PM Page 2

ਓ ਐਸ ਡੀ ਸਿੱਧੂ ਨੇ ਸਿਵਲ ਹਸਪਤਾਲ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਥਾਨਕ ਸਿਵਲ ਹਸਪਤਾਲ ਦੇ ਨਵੀਨੀਕਰਨ ਅਤੇ ਅਪਗ੍ਰੇਡ ਕਰਨ ਦੇ ਚੱਲ ਰਹੇ ਵਿਕਾਸ ਕਾਰਜਾਂ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ. ਉਂਕਾਰ ਸਿੰਘ ਸਿੱਧੂ ਨੇ ਜਾਇਜ਼ਾ ਲਿਆ। ਇਸ ਮੌਕੇ ਪ੍ਰੋ. ਸਿੱਧੂ ਨੇ ਕਿਹਾ ਕਿ ਧੂਰੀ ਹਲਕੇ ਵਿੱਚ ਵਿਕਾਸ ਕਾਰਜ ਬੜੀ ਤੇਜ਼ੀ ਨਾਲ ਚੱਲ ਰਹੇ ਹਨ। ਇਸੇ ਤਹਿਤ ਧੂਰੀ ਸ਼ਹਿਰ ਵਿੱਚ ਰਜਵਾਹੇ ਨੂੰ ਛੱਤਣ ਦਾ ਕੰਮ ਲਗਭਗ ਮੁਕੰਮਲ ਹੋ ਗਿਆ ਹੈ ਅਤੇ ਲਗਪਗ 18 ਕਰੋੜ ਰੁਪਏ ਦੀ ਲਾਗਤ ਨਾਲ ਸਿਵਲ ਹਸਪਤਾਲ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਦੇ ਨਾਲ ਨਾਲ ਵੱਖ ਵੱਖ ਪਿੰਡਾਂ ਵਿੱਚ ਵੀ ਵਿਕਾਸ ਕਾਰਜ ਬੜੀ ਤੇਜ਼ੀ ਨਾਲ ਚੱਲ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਅੰਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਕੈਂਪਸ, ਬਲਾਕ ਸ਼ਹਿਰੀ ਪ੍ਰਧਾਨ ਐਡਵੋਕੇਟ ਹੈਪੀ ਗਰਗ ਅਤੇ ਹੋਰ ਵੀ ਹਾਜ਼ਰ ਸਨ।

ਸਿਵਲ ਸਰਜਨ ਨੇ ਹੈਲਥ ਐਂਡ ਵੈੱਲਨੈਸ ਸੈਂਟਰ ਚੁੰਨੀ ਕਲਾਂ ਦੀ ਕੀਤੀ ਅਚਨਚੇਤ ਚੈਕਿੰਗ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਅੱਜ ਹੈਲਥ ਐਂਡ ਵੈਲਨੈਸ ਸੈਂਟਰ ਚੁੰਨੀ ਕਲਾਂ ਦੀ ਅਚਨਚੇਤ ਚੈਕਿੰਗ ਕੀਤੀ।ਇਸ ਚੈਕਿੰਗ ਦੌਰਾਨ ਉਨ੍ਹਾਂ ਸਟਾਫ ਦੀ ਹਾਜ਼ਰੀ ਚੈੱਕ ਕੀਤੀ। ਇਸ ਮੌਕੇ ਸਾਰਾ ਸਟਾਫ ਹਾਜ਼ਰ ਪਾਇਆ ਗਿਆ।ਸੈਂਟਰ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਮਿਲ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਹਾਸਲ ਕਰਕੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਦਵਾਈਆਂ ਦਾ ਸਟਾਕ ਚੈੱਕ ਕੀਤਾ ਅਤੇ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਸੰਸਥਾ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਅੰਦਰੋਂ ਹੀ ਦੇਣੀਆਂ ਯਕੀਨੀ ਬਣਾਉਣ।ਉਨ੍ਹਾਂ ਸਟਾਫ ਨੂੰ ਇਹ ਵੀ ਹਦਾਇਤ ਕੀਤੀ ਕਿ ਸਿਹਤ ਸੈਂਟਰ ਦੇ ਅਪਹੁੰਚ ਏਰੀਏ ਵਿੱਚ ਆਊਟ ਰੀਚ ਕੈਂਪ ਲਗਾ ਕੇ ਬੱਚਿਆਂ ਦਾ ਟੀਕਾਕਰਨ ਅਤੇ ਗਰਭਵਤੀ ਮਾਵਾਂ ਦਾ ਟੀਕਾਕਰਨ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ, ਤਾਂ ਜੋ ਬੱਚਿਆਂ ਨੂੰ ਨਾਮੁਰਾਦ ਬਿਮਾਰੀਆਂ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਉਹ ਸੈਂਟਰ ਨੂੰ ਅੰਦਰੋਂ ਤੇ ਬਾਹਰੋਂ ਸਾਫ ਸੁਥਰਾ ਰੱਖਣ, ਗਰਭਵਤੀ ਔਰਤਾਂ ਦਾ ਸੰਸਥਾਗਤ ਜਣੇਪਾ ਕਰਾਉਣ ਲਈ ਉਨ੍ਹਾਂ ਨੂੰ ਪ੍ਰੇਰਿਤ ਕਰਨ, ਆਮ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਜਾਗਰੂਕ ਵੀ ਕਰਨ।ਉਨ੍ਹਾਂ ਇਹ ਵੀ ਕਿਹਾ ਕਿ ਜੱਚਾ ਬੱਚਾ ਦੀ ਮੌਤ ਦਰ ਨੂੰ ਘਟਾਉਣ ਵਿਚ ਯੋਗਦਾਨ ਪਾਉਣ ਲਈ ਘਰਾਂ ਵਿੱਚ ਜਣੇਪਾ ਨਾ ਹੋਣ ਦਿੱਤਾ ਜਾਵੇ। ਜੇਕਰ ਕੋਈ ਦਾਈ ਘਰਾਂ ਵਿੱਚ ਜਣੇਪਾ ਕਰਦੀ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ।

ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ 'ਚ ਵਿਸਾਖੀ ਦਾ ਤਿਉਹਾਰ ਮਨਾਇਆ

ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਵਿਸਾਖੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਵੱਖ-ਵੱਖ ਕਲਾਸਾਂ ਦੀਆਂ ਵਿਸਾਖੀ ਨਾਲ ਸੰਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਵੇਂ ਨਰਸਰੀ ਤੋਂ ਯੂ. ਕੇ. ਜੀ ਕਲਾਸ ਦੇ ਵਿਦਿਆਰਥੀਆਂ ਪੇਂਟਿੰਗ ਮੁਕਾਬਲਿਆਂ 'ਚ ਭਾਗ ਲਿਆ ਅਤੇ ਬਾਕੀ ਜਮਾਤ ਦੇ ਬੱਚਿਆਂ ਨੇ ਡਾਂਸ ਪ੍ਰਤੀਯੋਗਤਾ ਵਿੱਚ ਭਾਗ ਲਿਆ।ਸਾਰੇ ਬੱਚੇ ਰੰਗ-ਬਰੰਗੀਆਂ ਪੰਜਾਬੀ ਪੁਸ਼ਾਕਾਂ ਪਹਿਨ ਕੇ ਆਏ।ਇਸ ਮੌਕੇ ਸਮੂਹ ਮੈਨੇਜਮੈਂਟ ਮੈਂਬਰ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਅਤੇ ਗਗਨਦੀਪ ਬਾਵਾ ਅਤੇ ਸਕੂਲ ਪ੍ਰਿੰਸੀਪਲ ਮੋਨਾ ਠਾਕੁਰ ਨੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਅਤੇ ਬੱਚਿਆਂ ਨੂੰ ਵਿਸਾਖੀ ਸੰਬੰਧੀ ਇਤਿਹਾਸ ਬਾਰੇ ਜਾਣੂ ਕਰਵਾਇਆ। ਨਾਲ ਹੀ ਸਾਡੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਵੀ ਦਿੱਤੀਆਂ।ਅੰਤ 'ਚ ਵਿਦਿਆਰਥੀਆਂ ਨੂੰ ਜਲੇਬੀਆਂ ਦਾ ਪ੍ਰਸ਼ਾਦ ਵਰਤਾਇਆ ਗਿਆ।

ਸਪਰਿੰਗ ਡਿਊ ਸਕੂਲ 'ਚ ਦਸਤਾਰ ਮੁਕਾਬਲੇ ਕਰਵਾਏ

ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਵਾਈਸ ਪ੍ਰਿੰਸੀਪਲ ਬੇਅੰਤ ਕੁਮਾਰ ਦੀ ਅਗਵਾਈ ਹੇਠ ਵਿਸਾਖੀ ਦੇ ਪਵਿੱਤਰ ਦਿਹਾੜੇ ਨਾਲ ਸੰਬੰਧਤ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਕੂਲ ਅਧਿਆਪਕ ਸ਼ਸ਼ੀ ਬਾਲਾ ਵੱਲੋਂ ਵਿਸਾਖੀ ਦੇ ਇਤਿਹਾਸ ਸੰਬੰਧੀ ਭਾਸ਼ਨ ਦਿੱਤਾ ਗਿਆ ਅਤੇ ਕਲਾਸ ਸੱਤਵੀਂ ਦੇ ਵਿਦਿਆਰਥੀ ਕਿਰਤ ਜੋਤ ਕੌਰ ਨੇ ਵਿਸਾਖੀ ਉੱਪਰ ਕਵਿਤਾ ਪੇਸ਼ ਕੀਤੀ। ਬਾਰ੍ਹਵੀਂ ਦੇ ਵਿਦਿਆਰਥੀ ਹਰਮਨ ਸਿੰਘ ਨੇ ਗੀਤ ਪੇਸ਼ ਕੀਤਾ। ਇਸ ਤੋਂ ਬਾਅਦ ਸਕੂਲ ਕੈਂਪਸ ਅੰਦਰ ਦਸਤਾਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸਕੂਲ ਦੀ ਛੇਵੀਂ ਕਲਾਸ ਤੋਂ ਅੱਠਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿਚ ਪਹਿਲੇ ਗਰੁੱਪ ਦੇ ਬੱਚਿਆਂ ਵਿਚੋਂ ਕਲਾਸ ਛੇਵੀਂ ਦੇ ਕ੍ਰਮਵਾਰ ਲਵਕੀਰਤ ਸਿੰਘ ਪਹਿਲਾ, ਸੁਖਵਿੰਦਰ ਸਿੰਘ ਦੂਜਾ, ਗੁਰਨੂਰ ਸਿੰਘ ਦੂਜਾ, ਰਿਆਂਸ਼ ਗੇਰਾ ਦੂਜਾ, ਸੁਖਪ੍ਰੀਤ ਸਿੰਘ ਤੀਜਾ, ਅਗਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਕਲਾਸ ਸੱਤਵੀਂ ਰਾਜਦੀਪ ਸਿੰਘ ਪਹਿਲਾ, ਅਰਮਾਨ ਸਿੰਘ ਦੂਜਾ, ਗੁਰਪ੍ਰੀਤ ਸਿੰਘ ਦੂਜਾ, ਗੁਰਜੋਤ ਸਿੰਘ ਦੂਜਾ, ਏਕਮਜੀਤ ਸਿੰਘ ਤੀਜਾ, ਏਕਮਜੋਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਕਲਾਸ ਅੱਠਵੀਂ ਰਘਵੀਰ ਸਿੰਘ ਪਹਿਲਾ, ਸ਼ਹਿਬਾਜ ਸਿੰਘ ਪਹਿਲਾ, ਰਵਿੰਦਰ ਸਿੰਘ ਦੂਜਾ ਅਤੇ ਗੁਰਸ਼ਰਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਦਸਤਾਰ ਜੇਤੂ ਵਿਦਿਆਰਥੀਆਂ ਨੂੰ ਤੇ ਸਾਰੇ ਅਧਿਆਪਕ ਸਾਹਿਬਾਨ ਨੂੰ ਵਿਸਾਖੀ ਦੀ ਵਧਾਈ ਦਿੱਤੀ। ਇਸ ਮੁਕਾਬਲੇ ਨੂੰ ਸਕੂਲ ਅਧਿਆਪਕ ਇੰਦਰਪ੍ਰੀਤ ਸਿੰਘ, ਪਰਮਵੀਰ ਸਿੰਘ ਨੇ ਕਰਵਾਇਆ। ਇਸ ਮੌਕੇ ਉਨ੍ਹਾਂ ਨਾਲ ਸਮੂਹ ਮੈਨੇਜਮੈਂਟ ਪ੍ਰੈਜ਼ੀਡੈਂਟ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਮੈਨੇਜਰ ਮਨਦੀਪ ਚੌਹਾਨ ਹਾਜ਼ਰ ਸਨ।

ਯੂ ਕੇ ਇੰਟਰਨੈਸ਼ਨਲ ਸਕੂਲ 'ਚ ਵਿਸਾਖੀ ਦਾ ਤਿਉਹਾਰ ਮਨਾਇਆ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਅੱਜ ਵਿਸਾਖੀ ਦਾ ਤਿਉਹਾਰ ਬੜੀ ਹੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਵਿਸਾਖੀ ਨਾਲ ਸੰਬੰਧਤ ਪੰਜਾਬੀ ਸੱਭਿਆਚਾਰ, ਲੋਕ ਨਾਚ, ਭੰਗੜਾ, ਗਿੱਧਾ, ਕਵਿਤਾਵਾਂ ਤੇ ਗੀਤਾਂ ਆਦਿ ਦੀ ਪੇਸ਼ਕਾਰੀ ਨਾਲ ਸਾਰਿਆਂ ਦਾ ਮਨ ਮੋਹ ਲਿਆ। ਬੱਚਿਆਂ ਵੱਲੋਂ ਭਾਸ਼ਣ ਦੇ ਦੁਆਰਾ ਵਿਸਾਖੀ ਦੇ ਇਤਿਹਾਸ ਦਾ ਵਰਣਨ ਵੀ ਕੀਤਾ ਗਿਆ। ਬੱਚਿਆਂ ਵਿੱਚ ਸਿੱਖੀ ਪ੍ਰਤੀ ਘੱਟ ਰਹੇ ਰੁਝਾਨ ਨੂੰ ਅੱਗੇ ਵਧਾਉਣ ਲਈ ਸਤਨਾਮ ਟਰੱਸਟ ਦੇ ਸੁਪਰਵਾਈਜ਼ਰ ਹਰਦੀਪ ਸਿੰਘ ਜੋ ਕਿ ਯੂ ਕੇ ਇੰਟਰਨੈਸ਼ਨਲ ਸਕੂਲ ਨੇ ਮੁੱਖ ਮਹਿਮਾਨ ਸਨ। ਉਨ੍ਹਾਂ ਬੱਚਿਆਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦੇ ਹੋਏ ਵਿਸਾਖੀ ਦੇ ਇਤਿਹਾਸ ਦੀ ਮੁੱਢਲੀ ਜਾਣਕਾਰੀ ਦਿੱਤੀ ਤੇ ਪਹਿਲੇ, ਦੂਜੇ ਤੇ ਤੀਜੇ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਤਨਾਮ ਟਰੱਸਟ ਵੱਲੋਂ ਇਨਾਮ ਵੰਡੇ ਗਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਵੱਲੋਂ ਬੱਚਿਆਂ ਤੇ ਸਮੂਹ ਸਟਾਫ ਦੇ ਮੈਂਬਰਾਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦਿੱਤੀਆਂ।

ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਨਗਰ ਕੀਰਤਨ ਸਜਾਏ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਪਿੰਡ ਸ਼ੁਤਰਾਣਾ ਦੇ ਗੁਰਦੁਆਰਾ ਨਾਮ ਜਪ ਸਾਹਿਬ ਵਿਖੇ ਵੀ ਨਗਰ ਕੀਰਤਨ ਸਜਾਇਆ ਗਿਆ।ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਸੁਸ਼ੋਭਤ ਹੋ ਕੇ ਭਾਰੀ ਗਿਣਤੀ ਸੰਗਤਾਂ ਦੇ ਇਕੱਠ ਨਾਲ ਗੁਰਦੁਆਰਾ ਨਾਮ ਜਪ ਸਾਹਿਬ ਤੋਂ ਰਵਾਨਾ ਹੋ ਕੇ ਸਰਕਾਰੀ ਸਕੂਲ ਵਾਲੇ ਮੋੜ ਤੋਂ ਸਾਈਕਲ ਚੌਕ, ਫਿਰ ਪਿੰਡ ਦੇ ਵੱਖ ਵੱਖ ਹਿੱਸਿਆਂ 'ਚੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ।ਨਗਰ ਕੀਰਤਨ ਨਾਲ ਚੱਲ ਰਹੀਆਂ ਸੰਗਤਾਂ ਲਈ ਪਿੰਡ ਵਾਸੀਆਂ ਵੱਲੋਂ ਅਨੇਕਾਂ ਪ੍ਰਕਾਰ ਦੇ ਫਲ ਤੇ ਠੰਡੇ ਮਿੱਠੇ ਜਲ ਵਰਤਾਏ ਗਏ। ਜਾਣਕਾਰੀ ਦਿੰਦਿਆਂ ਸੂਬੇਦਾਰ ਬਲਦੇਵ ਸਿੰਘ ਚੀਮਾ ਨੇ ਦੱਸਿਆ ਕਿ ਹਰ ਵਾਰ ਵਿਸਾਖੀ ਮੌਕੇ ਨਗਰ ਕੀਰਤਨ ਸਜਾਇਆ ਜਾਂਦਾ ਹੈ ਤੇ ਇਸ ਵਾਰ ਵੀ ਨਗਰ ਕੀਰਤਨ ਪੰਜ ਪਿਆਰਿਆਂ ਸੁਖਵਿੰਦਰ ਸਿੰਘ, ਅਮਰਜੀਤ ਸਿੰਘ, ਹਰਪਾਲ ਸਿੰਘ, ਸ਼ਿੰਦਰਪਾਲ ਸਿੰਘ ਨਰਿੰਦਰ ਸਿੰਘ ਜਿਨ੍ਹਾਂ ਨੂੰ ਪੰਜ ਪਿਆਰਿਆਂ ਵੱਲੋਂ ਸੇਵਾ ਨਿਭਾਈ ਗਈ।

ਬਿਕਰਮਜੀਤ ਖਾਲਸਾ ਨੂੰ ਹਲਕਾ ਅਮਲੋਹ ਤੋਂ ਵੱਡੇ ਫਰਕ ਨਾਲ ਜਿੱਤ ਦਿਵਾਈ ਜਾਵੇਗੀ : ਰਾਜੂ ਖੰਨਾ

■ ਖਾਲਸਾ ਨੂੰ ਹਲਕਾ ਫਤਿਹਗੜ੍ਹ ਸਾਹਿਬ ਤੋਂ ਟਿਕਟ ਮਿਲਣ 'ਤੇ ਦਿੱਤੀਆਂ ਵਧਾਈਆਂ

ਰਾਜੂ ਖੰਨਾ ਪਿੰਡ ਮਾਜਰੀ ਅਰਾਈਆਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਸਮੇਂ ਲੀਡਰਸ਼ਿਪ ਨਾਲ।

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਖਾਲਸਾ ਪੰਥ ਦੇ ਸਾਜਨਾ ਦਿਵਸ ਉੱਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਲੋਕ ਸਭਾ ਚੋਣਾਂ ਲਈ ਐਲਾਨੇ ਸਾਰੇ ਉਮੀਦਵਾਰਾਂ ਲਈ ਸ਼ੁਭ ਸ਼ਗਨ ਹੈ, ਕਿਉਂਕਿ ਅੱਜ ਪੰਥ ਲਈ ਇਤਿਹਾਸਕ ਦਿਨ ਹੈ।ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪਿੰਡ ਮਾਜਰੀ ਅਰਾਈਆਂ ਵਿਖੇ ਆਗੂਆਂ ਨਾਲ ਮੀਟਿੰਗ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਰਾਜੂ ਖੰਨਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਲਈ ਹਲਕਾ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਉਮੀਦਵਾਰ ਸ੍ਰ. ਬਿਕਰਮਜੀਤ ਸਿੰਘ ਖਾਲਸਾ ਨੂੰ ਹਲਕਾ ਅਮਲੋਹ ਤੋਂ ਵੱਡੀ ਜਿੱਤ ਦਰਜ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਜਿਸ ਲਈ ਉਨ੍ਹਾਂ ਵੱਲੋਂ ਪਹਿਲਾਂ ਤੋਂ ਹੀ ਹਲਕੇ ਦੇ ਪਿੰਡਾਂ ਤੇ ਦੋਵੇਂ ਸ਼ਹਿਰਾਂ ਅੰਦਰ ਵਰਕਰਾਂ ਤੇ ਆਗੂਆਂ ਨਾਲ ਮੀਟਿੰਗ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਹੋ ਰਹੇ ਵੱਡੇ ਇਕੱਠ ਇਸ ਗੱਲ ਦੀ ਗਵਾਹੀ ਭਰ ਰਹੇ ਹਨ ਕਿ ਬਿਕਰਮਜੀਤ ਸਿੰਘ ਖਾਲਸਾ ਵੱਡੀ ਜਿੱਤ ਦਰਜ ਕਰਕੇ ਲੋਕ ਸਭਾ ਅੰਦਰ ਹਲਕਾ ਫਤਿਹਗੜ੍ਹ ਸਾਹਿਬ ਦੀ ਅਵਾਜ਼ ਬੁਲੰਦ ਕਰਨਗੇ।

ਰਾਜੂ ਖੰਨਾ ਵੱਲੋਂ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੂੰ ਟਿਕਟ ਮਿਲਣ 'ਤੇ ਵਧਾਈ ਦਿੰਦੇ ਹੋਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਹਲਕਾ ਅਮਲੋਹ ਦੇ ਸਮੁੱਚੇ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਖਾਲਸਾ ਦੀ ਵੱਡੀ ਜਿੱਤ ਨੂੰ ਯਕੀਨੀ ਬਣਾਉਣ ਲਈ ਅੱਜ ਤੋਂ ਹੀ ਹਲਕੇ ਅੰਦਰ ਪ੍ਰਚਾਰ ਨੂੰ ਤੇਜ਼ ਕਰਨ ਤਾ ਜੋ ਹਲਕਾ ਅਮਲੋਹ ਵਿੱਚੋਂ ਵੱਡੀ ਜਿੱਤ ਦਰਜ ਕਰਵਾਈ ਜਾ ਸਕੇ।ਅੱਜ ਬਿਕਰਮਜੀਤ ਸਿੰਘ ਖਾਲਸਾ ਨੂੰ ਟਿਕਟ ਮਿਲਣ 'ਤੇ ਵਧਾਈ ਦੇਣ ਵਾਲਿਆਂ ਵਿੱਚ ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਹਲਕਾ ਆਬਜ਼ਰਵਰ ਜਥੇਦਾਰ ਹਰਬੰਸ ਸਿੰਘ ਬਡਾਲੀ, ਕੈਪਟਨ ਜਸਵੰਤ ਸਿੰਘ ਬਾਜਵਾ, ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਜਥੇਦਾਰ ਪਰਮਜੀਤ ਸਿੰਘ ਖਨਿਆਣ, ਜਥੇਦਾਰ ਜਰਨੈਲ ਸਿੰਘ ਮਾਜਰੀ, ਸਾਬਕਾ ਚੇਅਰਮੈਨ ਬਲਤੇਜ ਸਿੰਘ ਮਹਿਮੂਦਪੁਰ, ਭਗਵਾਨ ਸਿੰਘ ਹੈਪੀ ਟਿੱਬੀ, ਸ਼ਹਿਰੀ ਪ

ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ (ਇੰਡੀਆ) ਵੱਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਦੇਸ਼ਵਾਸੀਆਂ ਨੂੰ ਮੁਬਾਰਕਾਂ

ਵਿਨੋਦ ਕੌਸ਼ਲ, ਕੌਮੀ ਜਨਰਲ ਸਕੱਤਰ | ਤਰਸੇਮ ਦੀਵਾਨਾ, ਮੁੱਖ ਕੌਮੀ ਸਲਾਹਕਾਰ | ਬਲਵੀਰ ਸਿੰਘ ਸੈਣੀ, ਸੂਬਾ ਪ੍ਰਧਾਨ | ਜਸਵਿੰਦਰ ਸਿੰਘ, ਚੇਅਰਮੈਨ | ਗੁਰਬਿੰਦਰ ਸਿੰਘ ਪਲਾਹਾ, ਮੀਤ ਚੇਅਰਮੈਨ | ਅਮਰਜੀਤ ਸਿੰਘ, ਸੂਬਾ ਜਨ. ਸਕੱਤਰ

www.rayatbahrahsp.com

RAYAT-BAHRA
GROUP OF INSTITUTES, HOSHIARPUR
FUTURE READY

HAPPY BAISAKHI

COURSES OFFERED
AT POST GRADUATE, UNDER GRADUATE & DIPLOMA LEVEL

- B.Tech: ME, CIVIL, IT, CSE , CSE AI&ML*, CSE IOT*, CSE CYBER SECURITY* & CSE DATA SCIENCE*)
- M. PHARMA
- B. PHARMA
- D. PHARMA
- MBA
- BBA
- BCA
- B.COM
- FASHION DESIGN
- HOTEL MGMT.
- B.Sc OTT
- B.Sc MLS
- B.VOC HOSPITALITY & CATERING MGT.
- B.VOC WEB TECH. & MULTIMEDIA
- BSC DATA SCIENCE*
- BA.LL.B, LL.B , LL.M*
- NURSING
- B.ED
- GNM*
- ANM*
- PGDCA*
- PHARM D.*

CAMPUS: 3KM FROM HOSHIARPUR ON HOSHIARPUR-CHANDIGARH ROAD
CONTACT: 99884-00354, 99884-01864, 83606-28189

ਧੰਨਵਾਦ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਦੇਸ਼-ਵਿਦੇਸ਼ 'ਚ ਵਸਦੇ ਸਮੂਹ ਪੰਜਾਬੀਆਂ ਨੂੰ **ਲੱਖ-ਲੱਖ ਮੁਬਾਰਕਾਂ**

ਮੈਂ ਧੰਨਵਾਦੀ ਹਾਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ, ਜਿਨ੍ਹਾਂ ਨੇ 'ਸਟਿੰਗ ਅਪ੍ਰੇਸ਼ਨ' ਪ੍ਰਤੀ ਪਿਆਰ ਦਿਖਾਉਂਦਿਆਂ ਇਸ ਵਿਸ਼ੇਸ਼ ਸਪਲੀਮੈਂਟ ਲਈ ਇਸ਼ਤਿਹਾਰਾਂ ਨਾਲ ਨਿਵਾਜਿਆ। ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਵੀ ਤੁਹਾਡੇ ਨਾਲ ਇਸੇ ਤਰ੍ਹਾਂ ਹੀ ਹਰ ਸਮੇਂ ਖੜ੍ਹਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਮੈਨੂੰ ਇਸੇ ਤਰ੍ਹਾਂ ਹੀ ਸਹਿਯੋਗ ਮਿਲਦਾ ਰਹੇਗਾ।

ਪ੍ਰਿੰ. ਬਲਬੀਰ ਸਿੰਘ ਸੈਣੀ
ਸੀਨੀਅਰ ਪੱਤਰਕਾਰ, 'ਨਵਾਂ ਜ਼ਮਾਨਾ' ਹੁਸ਼ਿਆਰਪੁਰ
ਮੋਬਾਇਲ : 90416, 87183, 94632-61803

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਡਾ. ਕਰਮਜੀਤ ਸਿੰਘ | ਡਾ. ਜਸਵੰਤ ਰਾਏ, ਪ੍ਰੋਫ਼ੇਸਰ ਅੰਗ੍ਰੇਜ਼ੀ, ਭਾਸ਼ਾ ਵਿਭਾਗ ਹੁਸ਼ਿਆਰਪੁਰ | ਸ. ਪਰਮਜੀਤ ਸਿੰਘ ਸਚਦੇਵਾ | ਸ. ਬਹਾਦਰ ਸਿੰਘ ਸੁਨੇਤ ਸਮਾਜ ਸੇਵਕ | ਡਾ. ਸੁਖਦੇਵ ਸਿੰਘ ਢਿੱਲੋਂ

ਘਰ-ਫੁਰਵਾੜੀ

ਵਿਸ਼ਵਜੋਤ ਸਿੰਘ, ਗੁਰਬਾਜ਼ ਸਿੰਘ, ਅਰੀਮਪ੍ਰੀਤ ਕੌਰ, ਜਪਨੀਤ ਸਿੰਘ ਤੇ ਮਨਰਾਜ ਸਿੰਘ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਜਸਵੀਰ ਸਿੰਘ ਪਰਮਾਰ, ਰਿਟਾ. ਐਗਰੀਕਲਚਰ ਅਫ਼ਸਰ
ਡਾ. ਸੁਖਦੇਵ ਸਿੰਘ ਢਿੱਲੋਂ, ਰਿਟਾ. ਐਗਰੀਕਲਚਰ ਅਫ਼ਸਰ
ਸੰਜੀਵ ਕੁਮਾਰ ਧੂਤ, ਮੁੱਖ ਅਧਿਆਪਕ
ਤ੍ਰਿਲੋਚਨ ਸਿੰਘ, ਪ੍ਰਿੰਸੀਪਲ ਬੀ ਟੀ ਸੀ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਓਂਕਾਰ ਸਿੰਘ, ਪ੍ਰਧਾਨ | ਅਮਰੀਕ ਸਿੰਘ, ਜ਼ਿਲ੍ਹਾ ਜਨਰਲ ਸਕੱਤਰ | ਜਗਜੀਤ ਸਿੰਘ ਜੱਗੀ, ਸਹਾਇਕ ਸਕੱਤਰ

ਜਾਰੀ ਕਰਤਾ
ਪੰਜਾਬ ਪੈਨਸ਼ਨਰ ਯੂਨੀਅਨ (ਰਜਿ.) ਰੋਡਵੇਜ਼ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੁਰਜੀਤ ਸਿੰਘ, ਰਿਟ. ਰੇਂਜ ਅਫ਼ਸਰ | ਸੁਰਜੀਤ ਬੰਗੜ, ਕੌਂਸਲਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੰਤ ਧਰਮਪਾਲ, ਮੁੱਖ ਸੇਵਾਦਾਰ ਧਾਮ ਸੱਚਖੰਡ ਚਾਨਣਪੁਰੀ, ਬੇਰਗੜ੍ਹ, ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪੰਜਾਬ ਦਾ ਉਭਰਦਾ ਪੰਜਾਬੀ ਗਾਇਕਾ ਗੁਰਕੀਰਤ ਸਿੰਘ ਵਿਰਦੀ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਐਡਵੋਕੇਟ ਰਘਵੀਰ ਸਿੰਘ ਟੋਰਕਿਆਣਾ | ਐਡਵੋਕੇਟ ਰਣਜੀਤ ਸਿੰਘ

ਜ਼ਥੇਦਾਰ ਬਾਬਾ ਬਲਵੀਰ ਸਿੰਘ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਂ ਮਿਸਲ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਪ੍ਰਿੰ. ਅਮਨਦੀਪ ਸ਼ਰਮਾ, ਪ੍ਰਧਾਨ, 98555-27778 | ਜਸਵੀਰ ਤਲਵਾੜਾ, ਜਨਰਲ ਸਕੱਤਰ, 99155-52584

ਪ੍ਰਿੰ. ਹਰਜੀਤ ਸਿੰਘ, ਵਿੱਤ ਸਕੱਤਰ, 94637-38651 | ਲੈਕ. ਅਮਰ ਸਿੰਘ, ਸੀਨੀ. ਮੀਤ ਪ੍ਰਧਾਨ, 94637-71123 | ਪ੍ਰਿਤਪਾਲ ਸਿੰਘ, ਸੀਨੀ. ਮੀਤ ਪ੍ਰਧਾਨ, 94639-43996 | ਵਿਕਾਸ ਸ਼ਰਮਾ, ਜੁਆਇੰਟ ਸਕੱਤਰ, 81465-98144

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ
ਜ਼ਿਲ੍ਹਾ ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਮੰਗਵਿੰਦਰ ਪਾਲ ਸਿੰਘ, ਚੀਫ ਮੈਨੇਜਰ | ਨਵਜੀਤ ਸਿੰਘ ਸੈਣੀ, ਮੈਨੇਜਰ

ਸੋਨਾਲੀਕਾ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਰਾਜਿੰਦਰ ਸਿੰਘ, ਰਿਟਾ. ਪ੍ਰਿੰਸੀਪਲ | ਹਰਦੀਪ ਸਿੰਘ, ਰਿਟਾ. ਪ੍ਰਿੰਸੀਪਲ | ਸੁਮਿੱਤਰ ਸਿੰਘ, ਰਿਟਾ. ਪ੍ਰਿੰਸੀਪਲ | ਜਤਿੰਦਰ ਕੁਮਾਰ ਵਾਲੀਆ, ਰਿਟਾ. ਪ੍ਰਿੰਸੀਪਲ | ਰਾਜਿੰਦਰ ਕੁਮਾਰ ਸੈਣੀ, ਰਿਟਾ. ਪ੍ਰਿੰਸੀਪਲ | ਬਲਬੀਰ ਸਿੰਘ, ਰਿਟਾ. ਪ੍ਰਿੰਸੀਪਲ
ਪਰਮਿੰਦਰ ਸਿੰਘ, ਰਿਟਾ. ਪ੍ਰਿੰਸੀਪਲ | ਚੇਤ ਸਿੰਘ, ਰਿਟਾ. ਪ੍ਰਿੰਸੀਪਲ | ਬਲਵਿੰਦਰ ਕੁਮਾਰ, ਰਿਟਾ. ਪ੍ਰਿੰਸੀਪਲ | ਕੁਲਦੀਪ ਸਿੰਘ, ਰਿਟਾ. ਪ੍ਰਿੰਸੀਪਲ | ਰਾਜਵਿੰਦਰ, ਰਿਟਾ. ਪ੍ਰਿੰਸੀਪਲ | ਮਨੋਹਰ ਸਿੰਘ, ਰਿਟਾ. ਪ੍ਰਿੰਸੀਪਲ

ਆਈ ਟੀ ਆਈਜ਼, ਪੈਨਸ਼ਨਰਜ਼ ਇੰਪਲਾਈਜ਼ ਯੂਨੀਅਨ

ਆਈ ਟੀ ਆਈ ਸਟਾਫ ਵੱਲੋਂ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਗੁਰਨਾਮ ਸਿੰਘ, ਕਾਰਜਕਾਰੀ ਪ੍ਰਿੰਸੀਪਲ | ਮਸਤ ਰਾਮ, ਟ੍ਰੇਨਿੰਗ ਅਫ਼ਸਰ | ਪੁਸ਼ਪਿੰਦਰ ਸਿੰਘ, ਟ੍ਰੇਨਿੰਗ ਅਫ਼ਸਰ | ਹਬਿੰਦਰ ਸਿੰਘ, ਟ੍ਰੇਨਿੰਗ ਅਫ਼ਸਰ | ਗੁਰਦੇਵ ਸਿੰਘ, ਟ੍ਰੇਨਿੰਗ ਅਫ਼ਸਰ | ਅਸ਼ਵਨੀ ਗਾਂਧੀ, ਟ੍ਰੇਨਿੰਗ ਅਫ਼ਸਰ | ਸਤਪਾਲ, ਟ੍ਰੇਨਿੰਗ ਅਫ਼ਸਰ
ਨਰੇਸ਼ ਕੁਮਾਰ, ਟ੍ਰੇਨਿੰਗ ਅਫ਼ਸਰ | ਦਿਆਲ ਸਿੰਘ, ਟ੍ਰੇਨਿੰਗ ਅਫ਼ਸਰ | ਗੁਰਮੇਲ ਸਿੰਘ, ਟ੍ਰੇਨਿੰਗ ਅਫ਼ਸਰ | ਸਤਪਾਲ ਸਿੰਘ, ਟ੍ਰੇਨਿੰਗ ਅਫ਼ਸਰ | ਪਰਮਿੰਦਰ ਸਿੰਘ, ਟ੍ਰੇਨਿੰਗ ਅਫ਼ਸਰ | ਸਤੀਸ਼ ਕੁਮਾਰ, ਟ੍ਰੇਨਿੰਗ ਅਫ਼ਸਰ | ਜਸਵਿੰਦਰ ਸਿੰਘ, ਸੁਪਰਡੈਂਟ
ਗੁਰਜਿੰਦਰ ਸਿੰਘ ਭੱਟੀ, ਸਹਾਇਕ ਟ੍ਰੇਨਿੰਗ ਅਫ਼ਸਰ | ਗੁਰਿੰਦਰ ਸਿੰਘ, ਸਹਾਇਕ ਟ੍ਰੇਨਿੰਗ ਅਫ਼ਸਰ | ਦਲਜੀਤ ਸਿੰਘ, ਸਹਾਇਕ ਟ੍ਰੇਨਿੰਗ ਅਫ਼ਸਰ | ਜਗਦੀਪ ਸਿੰਘ, ਸਹਾਇਕ ਟ੍ਰੇਨਿੰਗ ਅਫ਼ਸਰ | ਸਮਸ਼ੇਰ ਸਿੰਘ, ਸਹਾਇਕ ਟ੍ਰੇਨਿੰਗ ਅਫ਼ਸਰ | ਹੰਸ ਰਾਜ, ਸਹਾਇਕ ਟ੍ਰੇਨਿੰਗ ਅਫ਼ਸਰ | ਜਤਿੰਦਰ ਕੁਮਾਰ, ਸਟੋਰ ਕੀਪਰ | ਗੁਰਲਾਲ ਸਿੰਘ, ਕਲਰਕ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਇੰਦਰ ਸੁਖਦੀਪ ਸਿੰਘ ਓਭਰਾ, ਜਨਰਲ ਸਕੱਤਰ ਡੀ ਟੀ ਐੱਫ | ਗੁਰਜਿੰਦਰ ਸਿੰਘ ਮੰਜਪੁਰ, ਜ਼ਿਲ੍ਹਾ ਕਨਵੀਨਰ ਪੁਰਾਣੀ ਪੈਨਸ਼ਨਰ ਪਾਰਟੀ ਫਰੰਟ ਹੁਸ਼ਿਆਰਪੁਰ, ਜਨਰਲ ਸਕੱਤਰ ਸੇਨੀ ਯੂਥ ਫੈਡਰੇਸ਼ਨ ਪੰਜਾਬ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕਿਸਾਨ ਕਮੇਟੀ ਦੋਆਬਾ ਪੰਜਾਬ

ਹਰਬੰਸ ਸਿੰਘ ਸੰਘਾ, ਜ਼ਿਲ੍ਹਾ ਜਨਰਲ ਸਕੱਤਰ | ਜਸਵਿੰਦਰ ਸਿੰਘ ਦਿਹਾਣਾ, ਜ਼ਿਲ੍ਹਾ ਪ੍ਰਧਾਨ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ

ਅਮਰਜੀਤ ਸਿੰਘ, ਪ੍ਰਧਾਨ | ਸੁਖਦੇਵ ਸਿੰਘ ਜਾਜਾ, ਜਨਰਲ ਸਕੱਤਰ | ਰਾਜੀਵ ਕੁਮਾਰ ਸ਼ਰਮਾ, ਵਿੱਤ ਸਕੱਤਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ

ਨਸ਼ਾ ਵਿਰੋਧੀ ਸੰਘਰਸ਼ ਕਮੇਟੀ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਨਗਰ ਨਿਗਮ ਸਫ਼ਾਈ ਕਰਮਚਾਰੀ ਯੂਨੀਅਨ ਹੁਸ਼ਿਆਰਪੁਰ

ਆਈ ਵੀ ਹਸਪਤਾਲ ,ਹੁਸ਼ਿਆਰਪੁਰ ਵੱਲੋਂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਆਈਵੀ ਹਸਪਤਾਲ, ਹੁਸ਼ਿਆਰਪੁਰ

ਸੁਆਗਤ ਕਰਦਾ ਹੈ

ਆਪਣੇ ਖੇਤਰ ਦੇ ਮਸ਼ਹੂਰ ਪੇਟ ਦੀ

ਬਿਮਾਰੀਆਂ ਦੇ ਮਾਹਿਰ ਅਤੇ ਕੈਂਸਰ ਸਪੈਸ਼ਲਿਸਟ

Ivy Hospital

ਡਾ: ਮੁਕੇਸ਼ ਕੁਮਾਰ:
DM Gastroenterology, Hepatologist, Interventional Endoscopist(Liver Specialist)
Consultant: Gastroenterologist

ਦਿਨ : ਸੋਮਵਾਰ ਤੋਂ ਸ਼ਨੀਵਾਰ
ਸਮਾਂ : ਸਵੇਰੇ 9:30 ਤੋਂ ਸ਼ਾਮ 5:00 ਵਜੇ ਤੱਕ

ਡਾ: ਰੋਹਿਤ ਜਿੰਦਲ
M.Ch Surgical Oncology
Consultant: Surgical Oncologist

ਦਿਨ : ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ
ਸਮਾਂ : ਸਵੇਰੇ 10:00 ਤੋਂ ਸ਼ਾਮ 4:00 ਵਜੇ ਤੱਕ

Empaneled with ECHS, ESI, BSF, Punjab Police, Himachal Govt., FCI, TPA's, and all Major Corporate

ਆਈਵੀ ਹਸਪਤਾਲ, ਚੰਡੀਗੜ੍ਹ ਰੋਡ, ਹੋਸ਼ਿਆਰਪੁਰ 01882 512000 www.ivyhospital.com

OUR NETWORK : MOHALI KHANNA HOSHIARPUR NAWANSHAHR AMRITSAR

EMERGENCY NUMBER 91155 11063

ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

HOSHIARPUR AUTOMOBILES

12 TIMES PLATINUM AND ROYAL PLATINUM DEALER - 3 TIMES ALPHA DEALER

CONTACT : 84370-84370

HOSHIARPUR - LUDHIANA - MANDI GOBINDGARH

ਜਸਵਿੰਦਰ ਸਿੰਘ ਪਰਮਾਰ
ਜਨ. ਸਕੱਤਰ, ਸਿੱਖ ਵੈਲਫੇਅਰ ਸੁਸਾਇਟੀ, ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਬਰਿੰਦਰ ਸਿੰਘ ਪਰਮਾਰ

ਸਿੱਖ ਵੈਲਫੇਅਰ ਸੁਸਾਇਟੀ (ਰਜਿ.) ਹੁਸ਼ਿਆਰਪੁਰ



ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੰਤਰੀ, ਪੰਜਾਬ

Bajwa Farms

Bhagat Singh Nagar
Near Bajwa Petrol Pump, Hoshiarpur
lallybajwajatindersingh@gmail.com

98724-96000

ਜਤਿੰਦਰ ਸਿੰਘ ਲਾਲੀ ਬਾਜਵਾ
ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ

Avtar Singh Mann

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਜੀ ਹਾਂ!

HP GAS

MANN GAS SERVICE

your friendly gas

Tanda Bye Pass Road, Hoshiarpur (Punjab)
Telephone: 01882-250224
Website:www.hindpetro.com

ਹਰਜੋਧ ਸਿੰਘ
ਵੈਟਨਰੀ ਇੰਸਪੈਕਟਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਇੰਦਰਸੁਖਦੀਪ ਸਿੰਘ
ਦੋਆਬਾ ਜ਼ੋਨ ਕਨਵੀਨਰ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਸ. ਸਿਮਰਨਜੀਤ ਸਿੰਘ ਮਾਨ
ਮੈਂਬਰ ਪਾਰਲੀਮੈਂਟ, ਹਲਕਾ ਸੰਗਰੂਰ

ਸ. ਗੁਰਦੀਪ ਸਿੰਘ ਖੁਣਖੁਣ ਜ਼ਿਲ੍ਹਾ ਪ੍ਰਧਾਨ, ਸ਼੍ਰ. ਅ. ਦਲ ਅੰਮ੍ਰਿਤਸਰ

ਸ. ਗੁਰਨਾਮ ਸਿੰਘ ਸਿਗੜੀਵਾੜ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋ. ਅ. ਦਲ ਅੰਮ੍ਰਿਤਸਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ ਪੰਜਾਬ

ਸ਼੍ਰੀ ਬ੍ਰਮ ਸ਼ੰਕਰ ਜਿੰਪਾ
ਕੈਬਿਨਟ ਮੰਤਰੀ, ਪੰਜਾਬ

ਸਚਿਨ ਗੁਪਤਾ
ਸਮਾਜ ਸੇਵਕ

ਵੱਲੋਂ : ਸਚਿਨ ਗੁਪਤਾ, ਸਮਾਜ ਸੇਵਕ (ਹੁਸ਼ਿਆਰਪੁਰ)

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪੀ ਐੱਸ ਪੀ ਸੀ ਐੱਲ ਪੈਨਸ਼ਨਰਜ਼ ਐਸੋਸੀਏਸ਼ਨ ਹੁਸ਼ਿਆਰਪੁਰ

ਖੁਸ਼ੀ ਰਾਮ
ਡਵੀਜ਼ਨ ਪ੍ਰਧਾਨ

ਗੁਰਮੇਲ ਸਿੰਘ
ਜੁਆਇੰਟ ਸੈਕਟਰੀ ਹੁਸ਼ਿਆਰਪੁਰ

ਬਾਲ ਕ੍ਰਿਸ਼ਨ ਮੰਡਲ
ਵਿੱਤ ਸਕੱਤਰ

ਗੀਤਪਾਲ ਸਿੰਘ
ਸਕੱਤਰ

ਬਲਵਿੰਦਰ ਸਿੰਘ
ਵਾਈਸ ਪ੍ਰਧਾਨ

ਰਜਿੰਦਰ ਸਿੰਘ
ਸਹਾਇਕ ਸਕੱਤਰ

ਐਲੀ ਅਸ਼ੋਕ ਪੁਰੀ, ਲੇਖਕ ਅਤੇ ਡਾਇਰੈਕਟਰ ਬਹੁ ਕਲਾ ਰੰਗ ਮੰਚ ਹੁਸ਼ਿਆਰਪੁਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਪੰਜਾਬ

ਸਤੀਸ਼ ਕੁਮਾਰ
ਰਾਣਾ
ਸੂਬਾ ਪ੍ਰਧਾਨ

ਮੱਖਣ ਸਿੰਘ
ਵਾਹਿਦਪੁਰੀ
ਜ਼ਿਲ੍ਹਾ ਪ੍ਰਧਾਨ

ਇੰਦਰਜੀਤ ਸਿੰਘ
ਵਿਰਦੀ
ਜ਼ਿਲ੍ਹਾ ਸਕੱਤਰ ਸਕੱਤਰ

ਮੱਖਣ ਸਿੰਘ ਲੰਗੇਰੀ
ਜ਼ਿਲ੍ਹਾ ਵਿੱਤ
ਸਕੱਤਰ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪੰਜਾਬ ਰੋਜਵੇਜ਼ ਪੈਨਸ਼ਨਰਜ਼ ਅਤੇ ਫੈਮਿਲੀ ਵੈੱਲਫੇਅਰ ਐਸੋਸੀਏਸ਼ਨ ਹੁਸ਼ਿਆਰਪੁਰ

ਤਰਸੇਮ ਸਿੰਘ
ਚੇਅਰਮੈਨ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕਮਿਕਰ ਸਿੰਘ
ਪ੍ਰਧਾਨ

ਭੁਪਿੰਦਰ ਸਿੰਘ
ਪ੍ਰਧਾਨ

ਬਲਵਿੰਦਰ ਸਿੰਘ
ਜੁਆਇੰਟ ਸਕੱਤਰ

ਬਲਵੀਰ ਸਿੰਘ ਝਿੰਗੜਾ
ਜਨਰਲ ਸਕੱਤਰ

ਮਗਨਰੇਗਾ ਵਰਕਰ ਯੂਨੀਅਨ ਹੁਸ਼ਿਆਰਪੁਰ

ਪਲਵਿੰਦਰ ਸਿੰਘ
ਜੱਸੀ ਡੈਂਟਲ ਕਲੀਨਿਕ
ਅੱਡਾ ਸਾਂਧਰਾ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਬਲਰਾਜ ਸਿੰਘ
ਅਧਿਕਾਰੇ

ਜਮਹੂਰੀ ਕਿਸਾਨ ਸਭਾ ਹੁਸ਼ਿਆਰਪੁਰ

ਸਰਵਨ ਸਿੰਘ ਮਕੇਰੀਆਂ
ਜ਼ਿਲ੍ਹਾ ਪ੍ਰਧਾਨ

ਦਵਿੰਦਰ ਸਿੰਘ ਕੱਕੋਂ
ਜ਼ਿਲ੍ਹਾ ਜਨਰਲ ਸਕੱਤਰ

ਗੁਰਚਰਨ ਸਿੰਘ ਕਿਸਾਨ ਆਗੂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕੁਲਵਰਨ ਸਿੰਘ ਜ਼ਿਲ੍ਹਾ ਪ੍ਰਧਾਨ ਅਤੇ ਸੂਬਾ ਜਨਰਲ ਸਕੱਤਰ ਕਨਫੈਡਰੇਸ਼ਨ

ਸ਼ਮਸ਼ੇਰ ਸਿੰਘ ਧਾਮੀ
ਤਹਿਸੀਲ ਪ੍ਰਧਾਨ, ਹੁਸ਼ਿਆਰਪੁਰ

ਕਿਰਪਾਲ ਸਿੰਘ
ਜ਼ਿਲ੍ਹਾ ਜਨਰਲ ਸਕੱਤਰ

ਸੂਰਜ ਪ੍ਰਕਾਸ਼
ਸੀਨੀਅਰ ਵਾਈਸ ਪ੍ਰਧਾਨ

ਬਾਲ ਕ੍ਰਿਸ਼ਨ
ਜ਼ਿਲ੍ਹਾ ਕੈਸ਼ੀਅਰ

ਪ੍ਰਦੁਮਨ ਸਿੰਘ
ਮੈਂਬਰ

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਹੁਸ਼ਿਆਰਪੁਰ

ਧੰਨਵਾਦ

ਮੈਂ ਉਨ੍ਹਾਂ ਮਿੱਤਰਾਂ- ਸੱਜਣਾਂ ਦਾ ਦਿਲੋਂ ਧੰਨਵਾਦ ਕਰਦਾ ਜਿਨ੍ਹਾਂ ਨੇ ਮੈਨੂੰ ਵਿਸਾਖੀ ਮੌਕੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਮੌਕੇ 'ਨਵਾਂ ਜ਼ਮਾਨਾ' 'ਚ ਸਪਲੀਮੈਂਟ ਕੱਢਣ ਵਿੱਚ ਸਹਿਯੋਗ ਦਿੱਤਾ ਅਤੇ ਮੈਂ ਆਸ ਕਰਦਾ ਹਾਂ ਕਿ ਅੱਗੇ ਵੀ ਮੇਰਾ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।

ਬਲਵੀਰ ਸੈਣੀ ਪੱਤਰਕਾਰ ਸੀਨੀਅਰ ਪੱਤਰਕਾਰ
'ਨਵਾਂ ਜ਼ਮਾਨਾ' 94632-61803

ਵਧਾਈਆਂ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਕੁਲਵੰਤ ਸਿੰਘ ਸੈਣੀ, ਸੂਬਾ ਪ੍ਰਧਾਨ ਸੈਣੀ ਜਾਗ੍ਰਿਤੀ ਰੰਗ ਮੰਚ, ਪੰਜਾਬ

ਲੈਕ. ਮਨਮੋਹਨ ਸਿੰਘ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ



ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸੰਦੀਪ ਸੈਣੀ ਚੇਅਰਮੈਨ
ਪੰਜਾਬ ਬੈਕਵਰਡ ਕਲਾਸ ਲੈਂਡ ਡਿਵੈੱਲਪਮੈਂਟ ਅਤੇ ਫਾਈਨਾਂਸ ਕਾਰਪੋਰੇਸ਼ਨ

ਵਿਸਾਖੀ ਦੇ ਸ਼ੁਭ ਦਿਹਾੜੇ ਤੇ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਵੀਰ ਪ੍ਰਤਾਪ ਸਿੰਘ ਰਾਣਾ ਸਮਾਜ ਸੇਵਕ

ਸਰਕਾਰੀ ਕਾਲਜ ਹੁਸ਼ਿਆਰਪੁਰ

ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਅਤੇ ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਸਮੂਹ ਦੇਸ਼-ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਪਰਮਜੀਤ ਸਿੰਘ
(ਰਿਟਾ. ਪ੍ਰਿੰਸੀਪਲ)

ਹਰਜਿੰਦਰ ਪਾਲ 'ਅਮਨ'
ਪ੍ਰੋਫੈਸਰ ਸੰਗੀਤ

ਪ੍ਰੋਫੈਸਰ ਵਿਜੈ ਕੁਮਾਰ
ਵਾਈਸ ਪ੍ਰਿੰਸੀਪਲ

ਪ੍ਰੋ. ਜਸਪਾਲ ਸਿੰਘ

ਡਾ. ਹਰਜਿੰਦਰ ਸਿੰਘ
ਖੇਤੀਬਾੜੀ ਵਿਭਾਗ

ਪ੍ਰੋ. ਹਰਜਿੰਦਰ ਕੁਮਾਰ
ਇਕਨਾਮਿਕਸ ਵਿਭਾਗ

ਡਾ. ਜਸਵਿੰਦਰ ਸਿੰਘ
ਕੰਪਿਊਟਰ ਸਾਇੰਸ ਵਿਭਾਗ

ਪ੍ਰੋ. ਜਸਪਾਲ ਸਿੰਘ
ਫਾਈਨ ਆਰਟਸ ਵਿਭਾਗ

ਸ. ਮਨਜੀਤ ਸਿੰਘ ਚੱਕ
ਅਕਾਊਂਟ ਵਿਭਾਗ

ਸ਼੍ਰੀ ਸੁਖਜੀਤ ਸਿੰਘ
ਲੈਬਾਰਟਰੀ ਵਿਭਾਗ

ਸ. ਹਰਮਿੰਦਰ ਸਿੰਘ
ਲੈਬਾਰਟਰੀ ਵਿਭਾਗ

ਸ਼੍ਰੀ ਯਸ਼ਪਾਲ
ਲੈਬਾਰਟਰੀ ਵਿਭਾਗ

14-April-Sunday.qxd 4/13/2024 8:55 PM Page 1

ਹਾਸ਼ੀਆਗਤ ਲੋਕਾਈ ਲਈ ਜੰਗ ਲੜਨ ਵਾਲਾ ਯੋਧਾ : ਡਾ. ਭੀਮ ਰਾਓ ਅੰਬੇਡਕਰ

ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 14 ਅਪ੍ਰੈਲ 2024

www.nawanzamana.in

ਕੀਮਤ 5.00 ਰੁਪਏ

ਇਹ ਕਾਣੀ ਵੰਡ ਹੈ ਕੈਸੀ
ਮਿਰੇ ਇਸ ਮੁਲਕ ਦੇ ਅੰਦਰ,
ਅਮੀਰਾਂ ਨੂੰ ਹੀ ਮੌਕੇ ਨੇ
ਗਰੀਬਾਂ ਨੂੰ ਦਿਲਾਸਾ ਹੈ।

- ਜਗਜੀਤ ਕਾਫ਼ਿਰ

ਖਾਲਸਾ ਸੋਇ ਨਿਰਧਨ ਕੋ ਪਾਲੈ

ਸਵਰਾਜਬੀਰ

ਤਿੰਨ ਸੌ ਪੰਜੀ ਸਾਲ ਪਹਿਲਾਂ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਿਰਜਣਾ ਪੰਜਾਬ, ਦੇਸ਼ ਅਤੇ ਮਨੁੱਖਤਾ ਦੀ ਤਾਰੀਖ ਵਿੱਚ ਅਜਿਹਾ ਦਿਨ ਹੈ, ਜਿਸ ਦੇ ਇਤਿਹਾਸਕ ਮਹੱਤਵ ਦੇ ਪਸਾਰ ਵਿਰਾਟ, ਬਹੁ-ਪਰਤੀ ਅਤੇ ਯੁੱਗ-ਬਦਲਾਊ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਥਾਪਨਾ ਕਰਕੇ ਸਿੱਖਾਂ ਨੂੰ ਇੱਕ ਅਜਿਹੀ ਸੰਗਠਿਤ ਤਾਕਤ ਬਣਾ ਦਿੱਤਾ, ਜਿਸ ਨੇ ਉਨ੍ਹਾ ਸਮਿਆਂ ਤੋਂ ਲੈ ਕੇ ਹੁਣ ਤੱਕ ਇਸ ਭੂਗੋਲਿਕ ਖਿੱਤੇ ਦੇ ਸਮਾਜਿਕ ਤੇ ਸਿਆਸੀ ਜੀਵਨ ਵਿੱਚ ਅਗਵਾਈ ਦੇਣ ਵਾਲੀ ਇਤਿਹਾਸਕ ਭੂਮਿਕਾ ਨਿਭਾਈ ਹੈ।

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਜਿੱਥੇ ਸਿੱਖ ਗੁਰੂਆਂ ਨੇ ਪੰਜਾਬੀਆਂ ਦੇ ਜੀਵਨ ਵਿੱਚ ਜਮਹੂਰੀ ਰੂਹ ਫੂਕੀ ਅਤੇ ਉਨ੍ਹਾਂ (ਪੰਜਾਬੀਆਂ) ਨੂੰ ਸਮਾਜਿਕ ਬਰਾਬਰੀ ਅਤੇ ਸਮਾਜਿਕ ਏਕਤਾ ਦਾ ਸੰਦੇਸ਼ ਦਿੱਤਾ, ਉਥੇ ਗੁਰੂ ਸਾਹਿਬਾਨ ਨੇ ਪੰਜਾਬੀਆਂ ਨੂੰ ਇਤਿਹਾਸ-ਮੁਖੀ ਵੀ ਬਣਾਇਆ। ਇਤਿਹਾਸ ਮੁਖੀ ਤੋਂ ਭਾਵ ਇਹ ਹੈ ਕਿ ਉਨ੍ਹਾ ਨੇ ਲੋਕਾਂ ਦੇ ਮਨਾਂ ਵਿੱਚ ਅਜਿਹੀ ਊਰਜਾ ਭਰੀ, ਜਿਸ ਸਦਕਾ ਉਨ੍ਹਾਂ ਨੇ ਨਾ ਸਿਰਫ਼ ਜਾਬਰਾਂ ਨਾਲ ਲੋਹਾ ਲਿਆ, ਸਗੋਂ 18ਵੀਂ, 19ਵੀਂ ਸਦੀ ਵਿੱਚ ਉਹ ਸੱਤਾ 'ਤੇ ਵੀ ਕਾਬਜ਼ ਹੋਏ। ਪੰਜਾਬੀਆਂ ਦੇ ਮਨਾਂ ਵਿੱਚ ਇਹ ਵਿਸਵਾਸ਼ ਪੈਦਾ ਹੋਇਆ ਕਿ ਉਹ ਇਤਿਹਾਸਕ ਵਹਿਣ ਦੇ ਸਾਮਣੇ ਕੋਈ ਬੇਹਰਕਤ, ਗੈਰਸਰਗਰਮ ਅਤੇ ਮਧੋਲੀ ਜਾਣ ਵਾਲੀ ਇਕਾਈ ਨਹੀਂ ਹਨ, ਸਗੋਂ ਇਸ ਨੂੰ ਨਿਰਣਾਇਕ ਮੋੜ ਦੇ ਸਕਦੇ ਹਨ।

ਸਿੱਖ ਮਿਸਲਾਂ ਅਤੇ ਰਾਜਾਂ ਦਾ ਹੋਂਦ ਵਿੱਚ ਆਉਣਾ ਖਾਲਸੇ ਦੀ ਸਥਾਪਨਾ ਕਾਰਨ ਹੀ ਸੰਭਵ ਹੋਇਆ। 18ਵੀਂ ਅਤੇ 19ਵੀਂ ਸਦੀ ਵਿੱਚ ਖਾਲਸਾ ਇੱਕ ਅਜਿਹੀ ਸ਼ਕਤੀ ਦੇ ਰੂਪ ਵਿੱਚ ਸਾਹਮਣੇ ਆਇਆ, ਜਿਸ ਦੀ ਅਗਵਾਈ ਪੰਜਾਬ ਦੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਸਵੀਕਾਰ ਕੀਤੀ ਅਤੇ ਇਸ ਨੂੰ ਪੰਜਾਬੀ ਸਮਾਜ ਦੀ ਏਕਾਮਈ, ਵੇਗਵਾਨ ਅਤੇ ਇਤਿਹਾਸਕ ਤਾਕਤ ਵਜੋਂ ਸਵੀਕਾਰ ਕੀਤਾ। ਇਸ ਦੀਆਂ ਅਨੇਕ ਗਵਾਹੀਆਂ ਮਿਲਦੀਆਂ ਹਨ; ਸ਼ਾਹ ਮੁਹੰਮਦ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿੱਚ ਲਿਖਦਾ ਹੈ, "ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ/ ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ।" ਉਹ ਲਾਹੌਰ ਦਰਬਾਰ ਦੀ ਤਾਕਤ ਨੂੰ ਸਿੰਘ ਸਿਪਾਹੀਆਂ ਅਤੇ ਖਾਲਸੇ ਦੇ ਰੂਪ ਵਿੱਚ ਦੇਖਦਾ ਹੋਇਆ ਕਹਿੰਦਾ ਹੈ, "ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ/ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।"

ਖਾਲਸੇ ਦੀ ਇਤਿਹਾਸ-ਮੁਖੀ ਤਾਕਤ ਵਜੋਂ ਸਿਰਜਣਾ ਉਹ ਸੰਘਰਸ਼ ਹੈ ਜਿਸ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਕੀਤੀ। ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਹਿੰਦੋਸਤਾਨ ਵਿੱਚ ਸੰਤਾਂ, ਭਗਤਾਂ, ਸੂਫੀਆਂ ਅਤੇ ਵੈਸ਼ਨਵਾਂ ਦੀ ਬਾਣੀ ਗੂੰਜ ਰਹੀ ਸੀ। ਉੱਤਰੀ ਭਾਰਤ ਵਿੱਚ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਅਤੇ ਹੋਰ ਸੰਤਾਂ ਨੇ ਨਿਰਗੁਣ-ਇਕ ਈਸ਼ਵਰਵਾਦ ਦਾ ਝੰਡਾ ਬੁਲੰਦ ਕਰਕੇ ਆਪਣੇ ਤਿੱਖੇ ਤੇ ਪ੍ਰਚੰਡ ਤੇਵਰਾਂ ਨਾਲ ਬ੍ਰਾਹਮਣਵਾਦ, ਕਰਮਕਾਂਡ, ਜਾਤ-ਪਾਤ ਅਤੇ ਹੋਰ ਸਮਾਜਿਕ ਕੁਰੀਤੀਆਂ ਨਾਲ ਲੋਹਾ ਲਿਆ ਪਰ ਇਨ੍ਹਾਂ ਭਗਤਾਂ ਦੁਆਰਾ ਸਥਾਪਤ ਪੰਥਾਂ ਵਿੱਚ ਪ੍ਰਮੁੱਖ ਸਮੱਸਿਆ ਇਹ ਆਈ ਕਿ ਉਹ ਸੰਗਠਿਤ ਧਰਮ ਨਾ ਬਣ ਸਕੇ। ਇਹ ਭਾਵੀ ਨਾਨਕ-ਪ੍ਰਸਤਾਂ ਦੇ ਹਿੱਸੇ ਆਈ ਅਤੇ ਸਿੱਖ ਧਰਮ ਇੱਕ ਈਸ਼ਵਰਵਾਦ ਨਾਲ ਜੁੜੇ ਸਮਾਜਿਕ ਸੰਕਲਪਾਂ ਭਾਵ ਸਮਾਜਿਕ ਏਕਤਾ, ਸਮਾਜਿਕ ਬਰਾਬਰੀ ਅਤੇ ਸਾਂਝੀਵਾਲਤਾ ਦਾ ਝੰਡਾ ਬਰਦਾਰ ਬਣਨ ਦੇ ਨਾਲ-ਨਾਲ ਇੱਕ ਪ੍ਰਮੁੱਖ ਇਤਿਹਾਸਕ ਤਾਕਤ ਵੀ ਬਣ ਗਿਆ।

ਜਿੱਥੇ ਇਤਿਹਾਸ-ਮੁਖਤਾ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਬਰਾਬਰੀ, ਸਮਾਜਿਕ ਏਕਤਾ ਅਤੇ ਸਾਂਝੀਵਾਲਤਾ ਦੇ ਸੰਦੇਸ਼ ਵਿੱਚ ਨਿਹਿਤ ਸੀ ਉੱਥੇ ਇਸ ਦਾ ਸਪੱਸ਼ਟ ਪ੍ਰਗਟਾਵਾ ਬਾਬਰ ਬਾਣੀ ਵਿੱਚ ਹੋਇਆ ਜਿਸ ਵਿਚ ਗੁਰੂ ਸਾਹਿਬ ਨੇ ਬਾਬਰ ਦੇ ਜਬਰ ਵਿਰੁੱਧ ਆਪਣਾ ਰੋਹ ਤੇ ਰੋਸ ਲੋਹ-ਸ਼ਬਦਾਂ ਵਿਚ ਪ੍ਰਗਟਾਇਆ। ਗੁਰੂ ਸਾਹਿਬ ਨੇ ਇਹ ਸਥਾਪਤ ਕੀਤਾ ਕਿ ਧਾਰਮਿਕ ਆਗੂਆਂ ਦਾ ਫ਼ਰਜ਼ ਸਿਰਫ਼ ਸਮਾਜਿਕ ਕੁਰੀਤੀਆਂ ਅਤੇ ਕਰਮਕਾਂਡਾਂ ਦੇ ਵਿਰੋਧ ਤੱਕ ਸੀਮਤ ਨਹੀਂ ਸਗੋਂ ਇਸ ਵਿਚ ਜਾਬਰਾਂ ਦੇ ਕੁਕਰਮਾਂ ਵਿਰੁੱਧ ਆਵਾਜ਼ ਉਠਾਉਣਾ ਵੀ ਸ਼ਾਮਲ ਹੈ।

ਕਿਸੇ ਵੀ ਖਿੱਤੇ ਦੇ ਲੋਕਾਂ ਨੂੰ ਇਤਿਹਾਸਕ ਤਾਕਤਾਂ ਬਣਾਉਣ ਲਈ ਉਨ੍ਹਾਂ ਵਿੱਚ ਏਕਤਾ ਬਣਾਉਣੀ ਲਾਜ਼ਮੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕਾਰਜ ਨੂੰ ਬਹੁਤ ਸੰਵੇਦਨਸ਼ੀਲਤਾ ਨਾਲ ਆਰੰਭਿਆ; ਇਸ ਕਾਰਜ ਦਾ ਇੱਕ ਪ੍ਰਮੁੱਖ ਸੂਤਰ ਸ਼ੇਖ ਫਰੀਦ, ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਅਤੇ ਹੋਰ ਸੰਤਾਂ ਦੀ ਬਾਣੀ ਨੂੰ ਇਕੱਤਰ ਕਰਨਾ ਸੀ; ਇਹ ਕਾਰਜ ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੌਰਾਨ ਕੀਤਾ। ਇਸੇ ਤਰ੍ਹਾਂ ਲੋਕਾਂ ਦਾ ਰਲਮਿਲ ਬੈਠਣਾ, ਸਤਿਸੰਗ ਕਰਨਾ ਅਤੇ ਉਸ ਇਕੱਠ ਵਿੱਚ ਮਨੁੱਖੀ ਬਰਾਬਰੀ ਦੇ ਸੰਕਲਪ ਨੂੰ ਹੋਰ ਦ੍ਰਿੜ੍ਹ ਕਰਨਾ ਵੀ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਦਾ ਆਧਾਰ ਬਣੇ। ਸੰਗਤ ਤੇ ਲੰਗਰ ਦੀਆਂ ਸੰਸਥਾਵਾਂ ਨੇ ਆਪਣੀ ਸਮਾਜਿਕ ਭੂਮਿਕਾ ਦੇ ਨਾਲ-ਨਾਲ ਇਤਿਹਾਸ-ਮੁਖੀ ਭੂਮਿਕਾ ਵੀ ਨਿਭਾਈ। ਕਰਤਾਰਪੁਰ ਨੂੰ ਵਧਾਉਣਾ ਵੀ ਇਕ ਇਤਿਹਾਸਕ ਕਾਰਜ ਸੀ ਅਤੇ ਇਹ ਪਰੰਪਰਾ ਬਾਅਦ ਦੇ ਸਿੱਖ ਗੁਰੂਆਂ ਨੇ ਹੋਰ ਮਜ਼ਬੂਤ ਕੀਤੀ ਅਤੇ ਹੋਰ ਨਗਰ ਤੇ ਸ਼ਹਿਰ ਵਸਾਏ।

ਸਿੱਖ ਧਰਮ ਦੇ ਇਤਿਹਾਸ-ਮੁਖੀ ਬਣਨ ਵਿੱਚ ਆਦਿ-ਗ੍ਰੰਥ ਦੀ ਸੰਪਾਦਨਾ ਇੱਕ ਅਜਿਹਾ ਮੀਲ-ਪੱਥਰ ਹੈ ਜਿਸ ਦੀ ਸਾਰਥਿਕਤਾ ਤੇ ਮਹੱਤਵ ਅਤਿਅੰਤ ਵਿਸ਼ਾਲ ਹਨ। ਮੁਗਲ ਹਕੂਮਤ ਨੂੰ ਇਹ ਲੋਕ-ਮੁਖੀ ਵਿਕਾਸ ਭਾਉਂਦਾ ਨਹੀਂ ਸੀ ਅਤੇ ਇਹ ਹੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਮੁੱਖ ਕਾਰਨ ਬਣਿਆ। ਇਸ ਸ਼ਹੀਦੀ ਤੋਂ ਸਿੱਖਾਂ ਦੀ ਮੁਗਲ ਤੇ ਸਥਾਨਕ ਹਾਕਮਾਂ ਨਾਲ ਟੱਕਰ ਦਾ ਦੌਰ ਸ਼ੁਰੂ ਹੋਇਆ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਦਾ ਸੰਕਲਪ ਦੇ ਕੇ ਸਿੱਖਾਂ ਨੂੰ ਸ਼ਸਤਰ ਸੌਂਪੇ ਅਤੇ ਜ਼ੁਲਮ ਦਾ ਟਾਕਰਾ ਕਰਨ ਵਾਲੀ ਸੰਗਠਿਤ ਤਾਕਤ ਬਣਨ ਦੇ ਰਾਹ ਪਾ ਦਿੱਤਾ।

ਇਸ ਸੰਗਰਾਮਮਈ ਯਾਤਰਾ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ, ਜਿਸ ਵਿੱਚ ਇਹ ਦ੍ਰਿੜ੍ਹ ਕੀਤਾ ਗਿਆ ਕਿ ਜ਼ਾਲਮ ਸਾਹਮਣੇ ਸਿਰ ਨਹੀਂ ਝੁਕਾਇਆ ਜਾਵੇਗਾ। ਗੁਰੂ ਸਾਹਿਬ ਦੇ ਇਨ੍ਹਾਂ ਬੋਲਾਂ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਅਤੇ 'ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥' ਨੇ ਪੰਜਾਬੀਆਂ ਅਤੇ ਸਿੱਖਾਂ ਵਿੱਚ ਨਵੀਂ ਊਰਜਾ ਦਾ ਸੰਚਾਰ ਕੀਤਾ। ਬਲਸ਼ਾਲੀ ਹੋਣ ਦੀ ਇਸ ਯਾਤਰਾ ਵਿੱਚ ਨਵੇਂ ਕਾਂਡ ਉਦੋਂ ਲਿਖੇ ਗਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਹਾੜੀ ਰਾਜਿਆਂ ਅਤੇ ਹੋਰ ਸਥਾਨਕ ਹਾਕਮਾਂ ਨਾਲ ਯੁੱਧ ਹੋਏ। ਇਸ ਦੀ ਸਿਖਰ ਖਾਲਸੇ ਦੀ ਸਥਾਪਨਾ ਸੀ ਜਦੋਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਨਵਾਂ ਸਵਰੂਪ ਦਿੱਤਾ, ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਜਾਤ-ਪਾਤ ਤੋਂ ਮੁਕਤ ਕਰਕੇ ਮਨੁੱਖੀ ਬਰਾਬਰੀ ਅਤੇ ਅਨਿਆਂ ਵਿਰੁੱਧ ਸਦਾ ਚੱਲਣ ਵਾਲੇ ਯੁੱਧ ਦੇ ਮਹਾਂਰਥੀ ਬਣਾ ਦਿੱਤਾ। ਭਾਈ ਨੰਦ ਲਾਲ ਗੋਯਾ ਨੇ 'ਤਨਖਾਹਨਾਮਾ' ਵਿੱਚ ਖਾਲਸੇ ਦੇ ਗੁਣਾਂ ਦਾ ਵਰਨਣ ਇਉਂ ਕੀਤਾ ਹੈ :

ਖ਼ਾਲਸਾ ਸੋਇ ਜੁ ਨਿੰਦਾ ਤਿਆਗੇ,
ਖ਼ਾਲਸਾ ਸੋਇ ਜੋ ਲੜੇ ਹੋਇ ਆਗੇ।

ਖ਼ਾਲਸਾ ਸੋਇ ਜੋ ਪੰਚ ਕਾਉ ਮਾਰੈ,
ਖ਼ਾਲਸਾ ਸੋਇ ਜੋ ਭਰਮ ਕਉ ਸਾੜੈ।

ਖ਼ਾਲਸਾ ਸੋਇ ਜੋ ਮਾਨ ਤਿਆਗੈ,
ਖ਼ਾਲਸਾ ਸੋਇ ਪਰੜ੍ਹਿਆ ਤੇ ਭਾਗੈ।

ਖ਼ਾਲਸਾ ਸੋਇ ਪਰਦ੍ਰਿਸਟਿ ਤਿਆਗੈ,
ਖ਼ਾਲਸਾ ਸੋਇ ਨਾਮ ਰਤਿ ਲਾਗੈ।

ਖ਼ਾਲਸਾ ਸੋਇ ਗੁਰੂ ਹਿਤ ਲਾਵੈ,
ਖ਼ਾਲਸਾ ਸੋਇ ਸਾਰ ਮੁਹਿ ਖਾਵੈ।

ਖ਼ਾਲਸਾ ਸੋਇ ਨਿਰਧਨ ਕੋ ਪਾਲੈ,
ਖ਼ਾਲਸਾ ਸੋਇ ਦੁਸ਼ਟ ਕਾਉ ਗਾਲੈ।

ਖ਼ਾਲਸਾ ਸੋਇ ਨਾਮ ਜਪ ਕਰੈ,
ਖ਼ਾਲਸਾ ਸੋਇ ਮਲੇਛ ਪਰ ਚੜ੍ਹੈ।

ਖ਼ਾਲਸਾ ਸੋਇ ਨਾਮ ਸਿਉ ਜੋੜਹਿ,
ਖ਼ਾਲਸਾ ਸੋਇ ਬੰਧਨ ਕਉ ਤੋੜਹਿ।

ਖ਼ਾਲਸਾ ਸੋਇ ਜੁ ਚੜੈ ਤੁਰੰਗ,
ਖ਼ਾਲਸਾ ਸੋਇ ਕਰੈ ਨਿਤ ਜੰਗ।

ਖ਼ਾਲਸਾ ਸੋਇ ਸ਼ਸਤ੍ਰ ਕਉ ਧਾਰੈ,
ਖ਼ਾਲਸਾ ਸੋਇ ਦੁਸ਼ਟ ਕਉ ਮਾਰੈ।....

ਇਸ ਤਰ੍ਹਾਂ ਭਾਈ ਨੰਦ ਲਾਲ ਗੁਰੂ ਗੋਬਿੰਦ ਸਿੰਘ ਦੀ ਸੋਚ-ਦ੍ਰਿਸ਼ਟੀ ਨੂੰ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਖਾਲਸਾ ਉਹ ਹੈ 'ਜੋ ਪੰਚ ਕਉ ਮਾਰੈ' ਭਾਵ ਜੋ ਪੰਜਾਂ ਵਿਕਾਰਾਂ ਅਰਥਾਤ ਲੋਭ, ਮੋਹ, ਹੰਕਾਰ, ਕਾਮ ਤੇ ਕਰੋਧ 'ਤੇ ਕਾਬੂ ਪਾਉਂਦਾ ਹੈ ਅਤੇ ਭਰਮ ਨੂੰ ਤਿਆਗਦਾ ਤੇ ਨਿਰਧਨਾਂ ਦਾ ਰਖਵਾਲਾ ਬਣਦਾ ਹੋਇਆ ਦੁਸ਼ਟਾਂ ਨਾਲ ਜੰਗ ਕਰਦਾ ਹੈ। ਨਿਰਧਨਾਂ ਦੇ ਰਖਵਾਲੇ ਬਣਨ ਅਤੇ ਜ਼ੁਲਮ ਵਿਰੁੱਧ ਲੜਨ ਵਾਲੇ ਖ਼ਾਲਸਾ ਦੀ ਇਤਿਹਾਸਕ ਤਾਕਤ ਬਣਨਾ ਨਿਸ਼ਚਤ ਸੀ।

ਇੱਥੇ ਇਹ ਵੀ ਧਿਆਨ ਦੇਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸ਼ਸਤਰਧਾਰੀ ਬਣਾਉਣ ਦੇ ਨਾਲ-ਨਾਲ ਉੱਚੇ ਵਿਵੇਕ ਦੇ ਧਾਰਨੀ ਹੋਣ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਸਮਿਆਂ ਵਿੱਚ ਗੁਰੂ ਸਾਹਿਬ ਨੇ ਹਿੰਦੋਸਤਾਨੀ ਬਰੇ-ਸਗੀਰ (ਉਪ ਮਹਾਂਦੀਪ) ਦੇ ਇਤਿਹਾਸ ਤੇ ਮਿਥਿਹਾਸ ਦਾ ਭਰਪੂਰ ਅਧਿਐਨ ਕਰਕੇ ਉਸ ਦੀ ਪੁਨਰ-ਵਿਆਖਿਆ ਕੀਤੀ। ਭਾਈ ਮਨੀ ਸਿੰਘ ਅਨੁਸਾਰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਕਵੀਆਂ ਨੇ ਮਹਾਨ ਗ੍ਰੰਥ ਦੀ ਰਚਨਾ ਕੀਤੀ, ਜਿਸ ਨੂੰ ਵਿਦਿਆ ਸਾਗਰ ਜਾਂ ਬਿਦਿਆਸਰ ਕਿਹਾ ਜਾਂਦਾ ਸੀ; ਭਾਈ ਮਨੀ ਸਿੰਘ ਦਾ ਕਥਨ ਹੈ, 'ਸਵਾ ਲਾਖ ਛੰਦ ਆਗੇ ਸੋਇ/ਇਸ ਮੈਂ ਏਕ ਘਟ ਨਹੀਂ ਹੋਇ।' ਭਾਈ ਸੰਤੋਖ ਸਿੰਘ ਅਨੁਸਾਰ 'ਤਿਨ ਕਵਿਯਨ ਬਾਣੀ ਰਚੀ, ਲਿਖ ਕਾਗਦ ਤੁਲਵਾਇ/ ਨੌ ਮਣ ਹੋਏ ਤੋਲ ਮਹਿ, ਸੂਖਮ ਲਿਖਤ ਲਿਖਾਇ।' ਇਸ ਗ੍ਰੰਥ ਵਿਚਲੀਆਂ ਬਹੁਤ ਸਾਰੀਆਂ ਲਿਖਤਾਂ 1705 ਵਿੱਚ ਆਨੰਦਪੁਰ ਸਾਹਿਬ ਨੂੰ ਛੱਡਦੇ ਸਮੇਂ ਸਿਰਸਾ ਨਦੀ ਨੂੰ ਪਾਰ ਕਰਦੇ ਸਮੇਂ ਗਵਾਚ ਗਈਆਂ। ਬਾਅਦ ਵਿੱਚ ਭਾਈ ਮਨੀ ਸਿੰਘ ਨੇ ਗੁਰੂ ਸਾਹਿਬ ਦੀਆਂ ਲਿਖਤਾਂ ਨੂੰ ਦਸਮ ਗ੍ਰੰਥ ਵਿੱਚ ਇਕੱਠਿਆਂ ਕੀਤਾ। ਇਤਿਹਾਸ ਤੇ ਮਿਥਿਹਾਸ ਦੀ ਪੁਨਰ-ਵਿਆਖਿਆ ਦਾ ਇਹ ਮਹਾਂ-ਯਤਨ ਇਹ ਵੀ ਸਪੱਸ਼ਟ ਕਰਦਾ ਹੈ ਕਿ ਜਿਸ ਖਾਲਸੇ ਦੀ ਸਿਰਜਣਾ ਗੁਰੂ ਸਾਹਿਬ ਨੇ ਕੀਤੀ, ਉਸ ਨੇ ਸ਼ਸਤਰਧਾਰੀ ਹੋਣ ਦੇ ਨਾਲ-ਨਾਲ ਵਿਚਾਰਸ਼ੀਲ ਤੇ ਗਿਆਨਵਾਨ ਵੀ ਹੋਣਾ ਹੈ ਅਤੇ ਆਪਣੇ ਵਿਰਸੇ ਨੂੰ ਵੀ ਸਮਝਣਾ ਹੈ। ਇਨ੍ਹਾਂ ਪਰੰਪਰਾਵਾਂ ਦੇ ਨਾਲ-ਨਾਲ ਆਨੰਦਪੁਰ ਸਾਹਿਬ ਵਿੱਚ ਭਾਈ ਘਨੱਈਆ ਦੀ ਪਰੰਪਰਾ ਵੀ ਮੌਜੂਦ ਸੀ ਅਤੇ ਕਰੁਣਾ ਨੂੰ ਖਾਲਸਾ-ਸੋਚ ਦਾ ਅਹਿਮ ਅੰਗ ਸਵੀਕਾਰ ਕੀਤਾ ਜਾਂਦਾ ਹੈ। ਖਾਲਸਾ ਦੀ ਸਿਰਜਣਾ ਵਿਵੇਕਵਾਨ, ਕਰੁਣਾ ਤੇ ਮਨੁੱਖੀ ਹਮਦਰਦੀ ਨਾਲ ਸਰਸ਼ਾਰ ਅਤੇ ਜਬਰ ਵਿਰੁੱਧ ਲੜਨ ਵਾਲੇ ਮਨੁੱਖਾਂ ਦੀ ਸਿਰਜਣਾ ਹੈ। ਇਸ ਸਿਰਜਣਾ ਨੇ ਪੰਜਾਬੀਆਂ ਦੀ ਨਾਬਰੀ ਦੀ ਰਵਾਇਤ ਨੂੰ ਨਵਿਆਇਆ ਤੇ ਊਰਜਿਤ ਕੀਤਾ; ਇਸ ਦਾ ਸਮੁੱਚੇ ਪੰਜਾਬ 'ਤੇ ਸਕਰਾਤਮਕ ਪ੍ਰਭਾਵ ਪਿਆ।

18ਵੀਂ ਸਦੀ ਦੇ ਸ਼ੁਰੂ ਵਿੱਚ ਹੀ ਖਾਲਸੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰਨ ਦੇ ਨਾਲ-ਨਾਲ ਜਗੀਰਦਾਰੀ ਢਾਂਚੇ ਨੂੰ ਵੱਡੀ ਢਾਅ ਲਾਈ। ਇਸ ਤੋਂ ਬਾਅਦ ਖਾਲਸੇ ਦੀ ਤਾਕਤ ਸਿੱਖ ਮਿਸਲਾਂ ਦੇ ਰੂਪ ਵਿੱਚ ਸੰਗਠਿਤ ਹੋਈ, ਜਿਨ੍ਹਾਂ ਵਿੱਚ ਜਿੱਥੇ ਕਾਰੀਗਰ, ਵਪਾਰੀ ਤੇ ਦਲਿਤ ਜਾਤਾਂ ਤੇ ਜਮਾਤਾਂ ਇਤਿਹਾਸਕ ਤਾਕਤ ਬਣੀਆਂ, ਉੱਥੇ ਮੁੱਖ ਭੂਮਿਕਾ ਕਿਸਾਨੀ ਨੇ ਨਿਭਾਈ ਜਿਸ ਦੇ ਨੁਮਾਇੰਦਿਆਂ ਨੂੰ ਸੱਤਾ ਵੀ ਮਿਲੀ, ਸਮਾਜਿਕ ਮਾਣ-ਸਨਮਾਨ ਵੀ। ਇਸ ਮਾਣ-ਸਨਮਾਨ ਨੇ ਕਈ ਵਾਰ ਜਾਤੀ ਅਭਿਮਾਨ ਵੀ ਉਭਾਰਿਆ ਪਰ ਸਿੱਖ ਗੁਰੂਆਂ ਦਾ ਸਾਂਝੀਵਾਲਤਾ ਅਤੇ ਸਮਾਜਿਕ ਬਰਾਬਰੀ ਦਾ ਸੰਦੇਸ਼ ਮਿਸਲਾਂ ਨੂੰ ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਅਤੇ ਮੁਗਲ ਹਾਕਮਾਂ ਵਿਰੁੱਧ ਇਕੱਠੇ ਹੋ ਕੇ ਲੜਨ ਦਾ ਵਾਹਕ ਬਣਦਾ ਰਿਹਾ।

ਨਾਬਰੀ ਦੇ ਇਹ ਸਮੂਹਿਕ ਰਾਹ-ਰਸਤੇ ਹੀ ਪੰਜਾਬੀਆਂ ਦੇ ਬਸਤੀਵਾਦੀ ਰਾਜ ਵਿਰੁੱਧ ਲੜਨ ਦੀ ਪ੍ਰੇਰਨਾ ਬਣੇ। 1849 ਵਿੱਚ ਲਾਹੌਰ ਦਰਬਾਰ ਦੀ ਹਾਰ ਤੋਂ ਕੁਝ ਦਹਾਕੇ ਬਾਅਦ ਪੰਜਾਬ ਵਿੱਚ ਕੂਕਾ ਲਹਿਰ ਉੱਭਰੀ ਅਤੇ ਵੀਹਵੀਂ ਸਦੀ ਦਾ ਆਗਾਜ਼ 'ਪਗੜੀ ਸੰਭਾਲ ਜੱਟਾ' ਲਹਿਰ ਨਾਲ ਹੋਇਆ। ਨਾਬਰੀ ਦੀ ਇਹ ਰਵਾਇਤ ਗ਼ਦਰ ਪਾਰਟੀ ਲਹਿਰ, ਰੌਲਟ ਐਕਟ ਵਿਰੁੱਧ ਤੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਨਾਲ ਸੰਬੰਧਤ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਅਤੇ ਭਗਤ ਸਿ

14-April-Sunday.qxd 4/13/2024 8:57 PM Page 5

ਦੌਲਤਾਂ ਦੇ ਢੇਰ ਪੁਰਾਤਨ ਰਾਜੇ ਵੀ ਲਾਉਂਦੇ ਸਨ, ਲੋਕਤੰਤਰੀ ਰਾਜ ਦੀ ਸਰਪ੍ਰਸਤੀ ਵਾਲੇ ਲੋਕ ਵੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਰਾਜ-ਸੱਤਾ ਜਿਸ ਕਿਸੇ ਨੂੰ ਮਿਲ ਜਾਵੇ, ਉਸ ਲਈ ਬਹੁਤ ਚੰਗੀ ਹੁੰਦੀ ਹੈ, ਪਰ ਇਹ ਜ਼ਰੂਰੀ ਨਹੀਂ ਕਿ ਉਸ ਰਾਜ ਵਿੱਚ ਲੋਕਾਂ ਲਈ ਵੀ ਓਨੀ ਚੰਗੀ ਨਿਕਲੇ। ਸਦੀਆਂ ਅਤੇ ਸ਼ਾਇਦ ਯੁੱਗਾਂ ਦਾ ਇਤਿਹਾਸ ਦੱਸਦਾ ਹੈ ਕਿ ਜਿਹੜਾ ਕੋਈ ਰਾਜਾ ਬਣ ਜਾਂਦਾ ਸੀ, ਉਹ ਕਿੰਨਾ ਵੀ ਧਰਮਾਤਮਾ ਕਿਉਂ ਨਾ ਬਣਿਆ ਫਿਰਦਾ ਰਿਹਾ ਹੋਵੇ, ਆਪਣੇ ਮਹਿਲ ਵਿੱਚ ਦੌਲਤ ਦੇ ਢੇਰ ਲਾਉਣ ਤੋਂ ਕਸਰ ਕਦੇ ਕਿਸੇ ਨਹੀਂ ਛੱਡੀ। ਜਿਨ੍ਹਾਂ ਇਲਾਕਿਆਂ ਵਿੱਚ ਆਮ ਲੋਕਾਂ ਲਈ ਦੋ ਡੰਗ ਰੋਟੀ ਦਾ ਜੁਗਾੜ ਕਰਨਾ ਔਖਾ ਹੁੰਦਾ ਸੀ, ਨਿਕੰਮੀ ਜ਼ਮੀਨ ਦਾ ਉਹ ਇਲਾਕਾ ਬੰਜਰ ਵੀ ਹੋ ਸਕਦਾ ਸੀ, ਹੜ੍ਹਾਂ ਦੀ ਮਾਰ ਹੇਠ ਰਹਿਣ ਵਾਲਾ ਜਾਂ ਰੇਤ ਦੇ ਮੀਲਾਂ-ਬੱਧੀ ਚੱਲਦੇ ਟਿੱਬਿਆਂ ਦਾ ਮਾਰੂਥਲ ਵੀ, ਓਥੇ ਵੀ ਪੁਰਾਣੇ ਰਾਜਿਆਂ ਦੇ ਮਹਿਲ ਅਜੋਕੇ ਰਾਸ਼ਟਰਪਤੀ ਭਵਨ ਤੋਂ ਵੱਧ ਆਲੀਸ਼ਾਨ ਬਣਾਏ ਅੱਜ ਵੀ ਮੌਜੂਦ ਹਨ। ਉਨ੍ਹਾਂ ਇਲਾਕਿਆਂ ਦੇ ਸਾਧਾਰਨ ਲੋਕਾਂ ਦੇ ਘਰ ਤਾਂ ਅੱਜ ਤੱਕ ਕੱਚੇ ਹਨ ਤੇ ਕਾਨਿਆਂ ਦੀ ਛੱਤਾਂ ਵਾਲੇ ਖੜੋਤੇ ਹਨ, ਪੀਣ ਵਾਲਾ ਪਾਣੀ ਲੈਣ ਘੜੇ ਚੁੱਕ ਕੇ ਘੰਟਿਆਂ ਦਾ ਸਮਾਂ ਲਾਉਣ ਜਿੰਨੀ ਦੂਰ ਜਾਣਾ ਪੈਂਦਾ ਹੈ, ਪਰ ਰਾਜਿਆਂ ਦੇ ਕਹਾਣੀਆਂ-ਕਿੱਸੇ ਦੱਸਦੇ ਹਨ ਕਿ ਉਨ੍ਹਾਂ ਕੋਲ ਆਪਣੇ ਲੋੜ ਵਾਲੀ ਕਿਸੇ ਚੀਜ਼ ਦੀਆਂ ਘਾਟ ਓਦੋਂ ਵੀ ਨਹੀਂ ਸੀ ਹੁੰਦੀ। ਉਨ੍ਹਾਂ ਹਾਲਾਤ ਵਿੱਚ ਵੀ ਜੇ ਉਨ੍ਹਾਂ ਦੇ ਖਜ਼ਾਨਿਆਂ ਵਿੱਚ ਦੌਲਤਾਂ ਦੇ ਢੇਰ ਲੱਗਦੇ ਜਾਂਦੇ ਸਨ ਤਾਂ ਸਿਰਫ ਰਾਜ-ਪ੍ਰਬੰਧਕੀ ਨਿਯਮਾਂ ਨਾਲ ਲੋਕਾਂ ਦੀਆਂ ਜੇਬਾਂ ਕੱਟਣ ਜਾਂ ਫਿਰ ਸਿੱਧਾ ਕਿਹਾ ਜਾਵੇ ਤਾਂ ਆਮ ਲੋਕਾਂ ਨੂੰ ਕੁੱਟ ਕੇ ਉਨ੍ਹਾਂ ਦੇ ਮੂੰਹ ਤੋਂ ਬੁਰਕੀ ਖੋਹਣ ਦੀਆਂ ਨੀਤੀਆਂ ਕਾਰਨ ਖਜ਼ਾਨੇ ਭਰਦੇ ਸਨ। ਅਸੀਂ ਇਤਿਹਾਸ ਦੇ ਉਨ੍ਹਾਂ ਰਾਜਿਆਂ ਦੇ ਬਿਰਤਾਂਤ ਵੀ ਕਈ ਵਾਰ ਪੜ੍ਹਦੇ ਰਹਿੰਦੇ ਹਾਂ, ਜਿਹੜੇ ਬਹੁਤ ਦਾਨੀ ਕਹਾਉਂਦੇ ਸਨ ਅਤੇ ਕਿਸੇ ਉੱਤੇ ਬਾਹਲੇ ਖੁਸ਼ ਹੋ ਜਾਂਦੇ ਸਨ ਤਾਂ ਉਸ ਨੂੰ 'ਐਨੇ ਪਿੰਡਾਂ ਦੀ ਜਗੀਰ' ਅਲਾਟ ਕਰ ਦਿੱਤਾ ਕਰਦੇ ਸਨ। ਏਦਾਂ ਜਗੀਰਾਂ ਅਲਾਟ ਕਰਦੇ ਸਮੇਂ ਉਹ ਰਾਜੇ ਉਨ੍ਹਾਂ ਪਿੰਡਾਂ ਵਿੱਚ ਰਹਿੰਦੇ ਆਮ ਲੋਕ ਵੀ ਉਸ ਵਿਅਕਤੀ ਦੇ ਕਾਰਿੰਦੇ ਬਣਾ ਦਿੱਤਾ ਕਰਦੇ ਸਨ ਅਤੇ ਏਦਾਂ ਪਿੰਡ ਨਾਲ ਪਿੰਡ ਦੇ ਲੋਕ ਵੀ ਗੁਲਾਮ ਬਣਾ ਦੇਣ ਵਾਲਾ ਰਾਜਾ ਆਮ ਬੋਲੀ ਅਤੇ ਇਤਿਹਾਸ ਵਿੱਚ ਬਹੁਤ ਚੰਗਾ ਆਖਿਆ ਜਾਂਦਾ ਸੀ।

ਸਾਡੇ ਸਮਿਆਂ ਵਿੱਚ ਬਹੁਤ ਥੋੜ੍ਹੇ ਦੇਸ਼ਾਂ ਨੂੰ ਛੱਡ ਕੇ ਸੰਸਾਰ ਭਰ ਵਿੱਚ ਲੋਕ-ਰਾਜੀ ਸਰਕਾਰਾਂ ਚਲਦੀਆਂ ਹਨ ਅਤੇ ਆਮ ਰਾਏ ਇਹੋ ਹੈ ਕਿ ਰਾਜ ਕਰਨ ਦੇ ਬਾਕੀ ਪ੍ਰਬੰਧਾਂ ਨਾਲੋਂ ਇਹ ਪ੍ਰਬੰਧ ਮੁਕਾਲਤਨ ਵਧੀਆ ਹੈ। ਇਹੋ ਜਿਹੇ ਪ੍ਰਬੰਧ ਦਾ ਬਾਕੀ ਪ੍ਰਬੰਧਾਂ ਨਾਲੋਂ ਵਧੀਆ ਹੋਣਾ ਇੱਕ ਧਾਰਨਾ ਹੋ ਸਕਦੀ ਹੈ, ਪਰ ਸਭ ਤੋਂ ਵਧੀਆ ਤੇ ਪਾਪਾਂ ਤੋਂ ਮੁਕਤ ਪ੍ਰਬੰਧ ਹੋਣਾ ਯਕੀਨੀ ਨਹੀਂ। ਜਿਸ ਕਿਸੇ ਨੂੰ ਕਿਸੇ ਦੇਸ਼ ਵਿੱਚ ਕਦੇ ਹਕੂਮਤ ਕਰਨ ਦਾ ਮੌਕਾ ਮਿਲਿਆ, ਬਹੁਤੇ ਦੇਸ਼ਾਂ ਵਿੱਚ ਇਤਿਹਾਸ ਦੇ ਪਿਛਲੇ ਰਾਜ-ਪ੍ਰਬੰਧਾਂ ਦਾ ਕੋਝਾਪਣ ਇੱਕ ਜਾਂ ਦੂਸਰੀ ਤਰ੍ਹਾਂ ਦੁਹਰਾਉਂਦੇ ਅਤੇ ਆਪਣੇ ਨੇੜ ਵਾਲਿਆਂ ਦੀਆਂ ਲਹਿਰਾਂ-ਬਹਿਰਾਂ ਦਾ ਜੁਗਾੜ ਕਰਨ ਵਾਲੇ ਸਾਬਤ ਹੋਣ ਲੱਗ ਜਾਂਦੇ ਰਹੇ ਹਨ। ਦੁਨੀਆ ਦੇ ਯੂਰਪੀ, ਪੱਛਮੀ ਤੇ ਪੂਰਬੀ ਪਾਸੇ ਚੜ੍ਹਦੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਮਾਣਨ ਵਾਲੇ ਜਾਪਾਨ ਤੇ ਦੱਖਣੀ ਕੋਰੀਆ ਵਰਗੇ ਮੁਲਕਾਂ ਦੇ ਹਾਕਮਾਂ ਨੇ ਵੀ ਇਹੋ ਕੁਝ ਕੀਤਾ ਅਤੇ ਫਿਰ ਇਸ ਕੀਤੇ ਦੇ ਸਿੱਟੇ ਭੁਗਤਣ ਨਾਲ ਖਬਰਾਂ ਬਣਾਈਆਂ ਹੋਈਆਂ ਹਨ। ਭਾਰਤ ਵਿੱਚ ਵੀ ਲੋਕਤੰਤਰ ਹੈ, ਲੋਕ-ਰਾਜੀ ਪ੍ਰਬੰਧ ਹੈ, ਪਰ ਜੇ ਲੋਕ-ਰਾਜੀ ਪ੍ਰਬੰਧਾਂ ਦੀ ਚੰਗੀ ਵੰਨਗੀ ਮੰਨੇ ਜਾਂਦੇ ਦੇਸ਼ਾਂ ਵਿੱਚ ਲੀਡਰ ਸ਼ਰਮ ਨਹੀਂ ਕਰਦੇ ਅਤੇ ਸਿਖਰਾਂ ਦੀ ਬੇਸ਼ਰਮੀ ਕਰਨ ਤੋਂ ਨਹੀਂ ਝਿਜਕਦੇ ਤਾਂ ਭਾਰਤ ਦੇ ਲੀਡਰ ਉਨ੍ਹਾਂ ਤੋਂ ਵੀ ਅੱਗੇ ਨਿਕਲੇ ਪਏ ਹਨ।

ਸਿਰਫ ਅੱਗੇ ਨਹੀਂ ਨਿਕਲ ਗਏ, ਇਹ ਸੰਸਾਰ ਦੇ ਹੋਰ ਦੇਸ਼ਾਂ ਦੇ ਰਾਜ-ਕਰਤਿਆਂ ਨੂੰ ਆਪਣੇ ਦੇਸ਼ ਵਿਚਲੇ ਨੇਮ-ਕਾਨੂੰਨ ਅਤੇ ਸਾਰੀ ਲੋਕ-ਲਾਜ ਭੁਲਾ ਕੇ ਆਪਣੇ ਢੰਗ ਨਾਲ ਚੱਲਣ ਲਈ ਨਵੀਂ ਸੇਧ ਦੇਣ ਵਾਲੇ ਬਣੀ ਜਾਂਦੇ ਹਨ ਤੇ ਇਸ ਦਾ ਸਿੱਟਾ ਇਹ ਹੈ ਕਿ ਉਨ੍ਹਾਂ ਦੇਸ਼ਾਂ ਦੇ ਪ੍ਰਮੁੱਖ ਵਿਅਕਤੀ ਭਾਰਤ ਆਣ ਕੇ ਇਸ ਦੇ ਸੋਹਲੇ ਗਾਉਂਦੇ ਹਨ। ਉਹ ਭਾਰਤ ਦੇ ਲੋਕਤੰਤਰ ਦੀਆਂ ਰਿਵਾਇਤਾਂ ਦੇ ਦੀਵਾਨੇ ਨਹੀਂ ਹੁੰਦੇ, ਅਸਲ ਵਿੱਚ ਉਹ ਲੀਡਰ, ਵਿਦਵਾਨ, ਰਾਜਦੂਤ ਜਾਂ ਆਪਣੇ ਦੇਸ਼ ਦੇ ਲੋਕਾਂ ਦੇ ਸੱਭਿਆਚਾਰਕ ਦੂਤ ਬਣਨ ਦੀ ਥਾਂ ਆਪੋ-ਆਪਣੇ ਦੇਸ਼ ਦੇ ਕਾਰੋਬਾਰੀਆਂ ਦਾ ਮਾਲ ਵੇਚਣ ਦੀ ਮੰਡੀ ਦੇ ਵਿਕਾਸ ਅਧਿਕਾਰੀ ਦੀ ਭੂਮਿਕਾ ਨਿਭਾਉਂਦੇ ਹਨ। ਅੱਜ ਕਿਸੇ ਦੇਸ਼ ਵਿੱਚ ਕਿਸੇ ਨਵੀਂ ਚੀਜ਼ ਦੀ ਕਾਢ ਹੁੰਦੀ ਹੈ, ਜਿਹੜੀ ਸੰਸਾਰ ਦੇ ਹਰ ਕੋਨੇ ਵਿੱਚ ਵੇਚੀ ਜਾਣੀ ਹੈ ਤਾਂ ਉਹ ਇੱਕ ਸੌ ਚਾਲੀ ਕਰੋੜ ਲੋਕਾਂ ਜਾਂ ਅਸਲ ਵਿੱਚ ਇੱਕ ਸੌ ਚਾਲੀ ਕਰੋੜ ਗ੍ਰਾਹਕਾਂ ਦੇ ਬਾਜ਼ਾਰ ਵਾਲੇ ਭਾਰਤ ਨੂੰ ਸਿਧਾਂਤਾਂ ਦੀ ਬਲੀ ਕਦੀ ਨਹੀਂ ਚਾੜ੍ਹ ਸਕਦੇ। ਉਸ ਦੇਸ਼ ਵਿੱਚ ਕੌਣ ਕਿਸੇ ਨੂੰ ਕੁੱਟਦਾ ਤੇ ਕਿਹੜਾ ਸੱਤਾ ਦੀ ਕਿੰਨੀ ਦੁਰਵਰਤੋਂ ਕਰ ਕੇ ਆਪਣੇ ਲੋਕਾਂ ਦਾ ਕਿੰਨਾ ਨੁਕਸਾਨ ਕਰਦਾ ਅਤੇ ਕਿਹੜੇ ਚਹੇਤੇ ਨੂੰ ਕਮਾਈਆਂ ਕਰਨ ਦੇ ਸਾਰੇ ਕਾਨੂੰਨੀ ਜਾਂ ਗੈਰ-ਕਾਨੂੰਨੀ ਰਾਹ ਵਰਤਣ ਵਾਸਤੇ ਮੌਕਾ ਦੇਂਦਾ ਹੈ, ਇਸ ਸਭ ਕੁਝ ਨਾਲ ਉਨ੍ਹਾਂ ਦਾ ਵਾਸਤਾ ਨਹੀਂ ਹੋ ਸਕਦਾ। ਜਿਸ ਘਰ ਵਿੱਚ ਉਨ੍ਹਾਂ ਮਾਲ ਵੇਚਣਾ ਹੈ, ਉਸ ਘਰ ਵਿਚਲੇ ਗੰਦ ਵੱਲ ਇਸ਼ਾਰਾ ਕਰਨ ਤਾਂ ਅਗਲੇ ਦਿਨ ਉਨ੍ਹਾਂ ਨੂੰ ਆਪਣੀ ਦੁਕਾਨਦਾਰੀ ਸਮੇਟ ਕੇ ਵਾਪਸ ਜਾਣਾ ਪੈ ਸਕਦਾ ਹੈ ਅਤੇ ਬੀਤੇ ਸਾਲਾਂ ਵਿੱਚ ਇਹ ਹੁੰਦਾ ਵੀ ਰਿਹਾ ਹੈ।

ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਭਾਰਤ ਵਿੱਚ ਅਮਰੀਕਾ ਦੇ ਇੱਕ ਰਾਜਦੂਤ ਦੀਆਂ ਏਨੀਆਂ ਸਿਫਤਾਂ ਉਸ ਦੇਸ਼ ਦੇ ਮੀਡੀਏ ਵਿੱਚ ਹੁੰਦੀਆਂ ਸਨ ਕਿ ਹਰ ਕੋਈ ਹੈਰਾਨ ਸੀ। ਸਿਰਫ ਇੱਕ ਮਹੀਨੇ ਬਾਅਦ ਅਚਾਨਕ ਮੀਡੀਏ ਨੇ ਗੇਅਰ ਬਦਲਿਆ ਅਤੇ ਰਾਤੋ-ਰਾਤ ਉਸ ਰਾਜਦੂਤ ਦੇ ਖਿਲਾਫ ਨਿਕੰਮੇਪਣ ਦੇ ਦੋਸ਼ ਲਾਏ ਜਾਣ ਲੱਗ ਪਏ ਤੇ ਕੁਝ ਦਿਨਾਂ ਅੰਦਰ ਉਸ ਨੂੰ ਅਹੁਦਾ ਛੱਡ ਕੇ ਵਾਪਸ ਅਮਰੀਕਾ ਜਾਣਾ ਪੈ ਗਿਆ ਸੀ। ਕਾਰਨ ਇਹ ਸੀ ਕਿ ਉਸ ਵੇਲੇ ਭਾਰਤ ਸਰਕਾਰ ਹਵਾਈ ਜਹਾਜ਼ਾਂ ਦੀ ਵੱਡੀ ਖੇਪ ਖਰੀਦਣ ਲਈ ਸਿਧਾਂਤਕ ਫੈਸਲਾ ਲੈ ਚੁੱਕੀ ਸੀ ਅਤੇ ਉਹ ਸੌਦਾ ਉਸ ਵਕਤ ਦੋ ਦੇਸ਼ਾਂ, ਅਮਰੀਕਾ ਜਾਂ ਫਰਾਂਸ ਵਿੱਚੋਂ ਇੱਕ ਦੀ ਸਰਕਾਰ ਤੇ ਓਥੋਂ ਦੀਆਂ ਕੰਪਨੀਆਂ ਨਾਲ ਹੋਣਾ ਸੀ, ਜਿਸ ਦੇ ਲਈ ਉਹ ਰਾਜਦੂਤ ਰਾਤ-ਦਿਨ ਲੱਗਾ ਪਿਆ ਸੀ ਤੇ ਲਗਦਾ ਸੀ ਕਿ ਉਸ ਦੀ ਖੇਚਲ ਸਿੱਟੇ ਕੱਢੇਗੀ। ਫਿਰ ਕਿਸੇ ਕਾਰਨ ਉਹ ਸੌਦਾ ਭਾਰਤ ਨੇ ਫਰਾਂਸ ਨਾਲ ਕਰ ਲਿਆ ਅਤੇ ਅਮਰੀਕਾ ਦੇ ਕਾਰਪੋਰੇਟ ਘਰਾਣਿਆਂ ਦੇ ਧੰਘੂਰੇ ਉੱਤੇ ਨੱਚਣ ਵਾਲਾ ਅਮਰੀਕੀ ਮੀਡੀਆ ਉਸ ਰਾਜਦੂਤ ਦੇ ਏਨਾ ਬੁਰੀ ਤਰ੍ਹਾਂ ਪਿੱਛੇ ਪਿਆ ਕਿ ਉਸ ਨੂੰ ਭਾਰਤ ਤੋਂ ਆਪਣੀ ਰੋਂਦਿਆਂ ਵਰਗੀ ਸ਼ਕਲ ਲੁਕਾ ਕੇ ਅਤੇ ਬਹੁਤ ਬੇਆਬਰੂ ਹੋ ਕੇ ਭੱਜਣਾ ਪੈ ਗਿਆ ਸੀ। ਲੋਕਤੰਤਰ ਦਾ ਢੰਡੋਰਾ ਪਿੱਟਦੇ ਜਿਹੜੇ ਦੇਸ਼ਾਂ ਦੇ ਹਾਕਮਾਂ ਨੂੰ ਪਾਕਿਸਤਾਨ ਵਿੱਚ ਮੁੜ-ਮੁੜ ਹੁੰਦੇ ਫੌਜੀ ਰਾਜ-ਪਲਟੇ ਵੀ ਜੱਗ-ਵਿਖਾਵੇ ਦੀ ਬਿਆਨਬਾਜ਼ੀ ਕਰਨ ਤੋਂ ਵੱਧ ਵਿਰੋਧ ਕਰਨ ਯੋਗ ਕਦੇ ਨਹੀਂ ਸਨ ਲੱਗੇ, ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੋ ਸਕਦਾ ਕਿ ਭਾਰਤ ਵਿੱਚ ਲੋਕਤੰਤਰ ਦੇ ਨਾਂਅ ਉੱਤੇ ਕੀ ਕੁਝ ਹੁੰਦਾ ਫਿਰਦਾ ਹੈ ਅਤੇ ਏਥੋਂ ਦੇ ਲੋਕਾਂ ਨੂੰ ਕੀ ਕੁਝ ਭੁਗਤਣਾ ਪੈਂਦਾ ਹੈ! ਉਹ ਆਪਣਾ ਮਾਲ ਵੇਚਣ ਲਈ ਜਿਸ ਵੀ ਵਿਹੜੇ ਜਾਂ ਜਿਸ ਵੀ ਦੇਸ਼ ਵਿੱਚ ਚਲੇ ਜਾਣ, ਉਸ ਦੀਆਂ ਸਿਫਤਾਂ ਕਰਿਆ ਕਰਨਗੇ। ਜਾਰਜ ਬੁੱਸ਼ ਹੋਵੇ ਜਾਂ ਬਿੱਲ ਕਲਿੰਟਨ, ਬਰਾਕ ਓਬਾਮਾ ਹੋਵੇ ਜਾਂ ਡੋਨਾਲਡ ਟਰੰਪ ਜਾਂ ਫਿਰ ਜੋਅ ਬਾਇਡਨ, ਭਾਰਤ ਵਿੱਚ ਜਿਹੜੇ ਵੀ ਲੀਡਰ ਦਾ ਰਾਜ ਆਇਆ, ਉਹ ਮਨਮੋਹਨ ਸਿੰਘ ਹੋਵੇ ਜਾਂ ਨਰਿੰਦਰ ਮੋਦੀ, ਕਿਸੇ ਝਿਜਕ ਤੋਂ ਬਿਨਾਂ ਉਸ ਨੂੰ ਗਲੇ ਮਿਲਣ ਲਈ ਤਿਆਰ ਹੋ ਜਾਇਆ ਕਰਦੇ ਹਨ, ਕਿਉਂਕਿ ਜਿੱਥੇ ਮਾਲ ਵੇਚਣਾ ਹੈ, ਓਥੋਂ ਦੇ ਨੁਕਸ ਨਹੀਂ ਗਿਣੀਂਦੇ। ਨੁਕਸਾਂ ਨਾਲ ਕੋਈ ਅਸਰ ਪੈਂਦਾ ਹੈ ਤਾਂ ਭਾਰਤ ਦੇ ਆਮ ਲੋਕਾਂ ਨੂੰ ਪੈਂਦਾ ਹੋਊਗਾ, ਜਿਹੜੇ ਇੱਕ ਵਾਰ ਫੇਰ ਵੋਟਾਂ ਪਾਉਣ ਲਈ ਕਾਹਲੇ ਹਨ।

ਹਾਂ, ਇਹ ਸੱਚ ਹੈ ਕਿ ਭਾਰਤ ਦੇ ਲੋਕ ਇੱਕ ਵਾਰ ਫਿਰ ਵੋਟਾਂ ਪਾਉਣ ਵਾਲੇ ਤੇ ਇੱਕ ਹੋਰ ਸਰਕਾਰ ਚੁਣਨ ਵਾਲੇ ਹਨ, ਜਿਹੜੀ ਅਗਲੇ ਪੰਜ ਸਾਲ ਇਹ ਦੇਸ਼ ਮਰਜ਼ੀ ਮੁਤਾਬਕ ਚਲਾਵੇਗੀ, ਪਰ ਆਮ ਲੋਕ ਵੋਟਾਂ ਪਾਉਣ ਦੀ ਸਿਰਫ ਰਸਮ ਨਿਭਾਉਂਦੇ ਹਨ, ਦੇਸ਼ ਦੀ ਕਿਸਮਤ ਦਾ ਅਸਲ ਫੈਸਲਾ ਉਨ੍ਹਾਂ ਨੇ ਨਹੀਂ ਕਰਨਾ। ਭਾਰਤ ਅਤੇ ਇਸ ਦੇ ਲੋਕਾਂ ਦੀ ਕਿਸਮਤ ਦਾ ਫੈਸਲਾ ਉਹ ਗਿਣਵੇਂ-ਚੁਣਵੇਂ ਕਾਰਪੋਰੇਟ ਘਰਾਣਿਆਂ ਦੇ ਮੁਹਰੈਲ ਕਰਿਆ ਕਰਦੇ ਹਨ, ਜਿਨ੍ਹਾਂ ਦਾ ਇਹ ਫੈਸਲਾ ਹੋਣ ਵੇਲੇ ਸਿੱਕਾ ਚੱਲ ਰਿਹਾ ਹੁੰਦਾ ਹੈ। ਅਸੀਂ ਮੁੱਛ ਫੁੱਟਦੀ ਦੇ ਦਿਨਾਂ ਵਿੱਚ ਭਾਰਤ ਵਿੱਚ ਸਿਰਫ ਤਿੰਨ-ਚਾਰ ਪੂੰਜੀਪਤੀਆਂ ਦੇ ਨਾਂਅ ਸੁਣਦੇ ਹੁੰਦੇ ਸਾਂ, ਉਨ੍ਹਾਂ ਵਿੱਚ ਬਿਰਲਾ, ਟਾਟਾ, ਡਾਲਮੀਆ ਤੇ ਸਿੰਘਾਨੀਆ ਦੇ ਬਾਅਦ ਇੱਕ-ਅੱਧ ਨਾਂਅ ਕੋਈ ਹੋਰ ਹੁੰਦਾ ਸੀ। ਇੱਕ ਚੋਣ ਹਾਰ ਜਾਣ ਪਿੱਛੋਂ ਇੰਦਰਾ ਗਾਂਧੀ ਜਦੋਂ ਦੁਬਾਰਾ ਸੱਤਾ ਦੇ ਤਖਤ ਤੱਕ ਪੁੱਜੀ ਤਾਂ ਅਚਾਨਕ ਰਿਲਾਇੰਸ ਘਰਾਣੇ ਦਾ ਨਾਂਅ ਗੂੰਜਣ ਲੱਗ ਪਿਆ ਅਤੇ ਫਿਰ ਅਗਲੇ ਪੈਂਤੀ ਸਾਲ ਇਹੋ ਨਾਂਅ ਭਾਰਤ ਦੇ ਸਾਰੇ ਪੂੰਜੀ ਬਾਜ਼ਾਰ ਵਿੱਚ ਤੇ ਹਕੂਮਤੀ ਗਲਿਆਰਿਆਂ ਵਿੱਚ ਸਿਆਸੀ ਨਾਢੂ-ਖਾਨਾਂ ਦੇ ਸਭ ਤੋਂ ਵੱਡੇ ਪ੍ਰਿਤਪਾਲਕ ਵਜੋਂ ਗੂੰਜਦਾ ਸੁਣਦਾ ਸੀ। ਮਨਮੋਹਨ ਸਿੰਘ ਦੀ ਸਰਕਾਰ ਤੁਰ ਜਾਣ ਮਗਰੋਂ ਕਾਂਗਰਸੀ ਸੱਤਾ ਦਾ ਸੂਰਜ ਡੁੱਬਿਆ ਤਾਂ ਨਾਲ ਹੀ ਪੈਂਤੀ ਸਾਲਾਂ ਤੋਂ ਸਿਖਰਲੀ ਚੜ੍ਹਤ ਵਾਲਾ ਰਿਲਾਇੰਸ ਘਰਾਣਾ ਵੀ ਪਛੜਨਾ ਤੇ ਉਸ ਦੀ ਥਾਂ ਅਡਾਨੀ ਘਰਾਣਾ ਉੱਭਰਨ ਲੱਗ ਪਿਆ ਅਤੇ ਅੱਧਾ ਦਰਜਨ ਸਾਲਾਂ ਵਿੱਚ ਸੰਸਾਰ ਦੇ ਸਿਖਰਲੇ ਤਿੰਨ ਕਾਰਪੋਰੇਟ ਘਰਾਣਿਆਂ ਵਿੱਚ ਉਸ ਦਾ ਨਾਂਅ ਗਿਣਿਆ ਜਾਣ ਲੱਗ ਪਿਆ ਸੀ। ਸਰਕਾਰੀ ਸਰਪ੍ਰਸਤੀ ਹੋਵੇ ਤਾਂ ਡੁਬਈ ਵਿੱਚ ਮਜ਼ਦੂਰੀ ਕਰਦਾ ਭਾਰਤੀ ਮੂਲ ਦਾ ਕੋਈ ਕਾਰਿੰਦਾ ਵਾਪਸ ਆਣ ਕੇ ਦੋ-ਦੋ ਸਦੀਆਂ ਤੋਂ ਹਰ ਰਾਜ ਦੇ ਪੂੰਜੀ ਬਾਜ਼ਾਰ ਦੇ ਸਿਖਰ ਦੀ ਚਮਕ ਸਮਝੇ ਜਾਂਦੇ ਟਾਟੇ-ਬਿਰਲੇ ਵਰਗਿਆਂ ਨੂੰ ਪਿਛਾਂਹ ਧੱਕ ਕੇ ਮੋਹਰੀ ਬਣ ਗਿਆ ਸੀ ਤਾਂ ਏਸੇ ਸੱਤਾ ਦੀ ਸਰਪ੍ਰਸਤੀ ਅਗਲੀ ਵਾਰੀ ਜਿਸ ਦੀ ਪਿੱਠ ਉੱਤੇ ਆ ਗਈ, ਉਹ ਵੀ ਭਾਰਤੀ ਆਰਥਿਕਤਾ ਦਾ ਝੰਡਾ-ਬਰਦਾਰ ਬਣ ਗਿਆ। ਸੰਸਾਰ ਭਰ ਦੇ ਪੂੰਜੀ ਬਾਜ਼ਾਰ ਵਿੱਚ ਹੁੰਦੀਆਂ ਹੇਰਾਫੇਰੀਆਂ ਦਾ ਪਰਦਾ ਚਾਕ ਕਰਨ ਵਾਲੀ ਹਿੰਡਨਬਰਗ ਰਿਪੋਰਟ ਵੀ ਉਸ ਅਜੋਕੇ ਵੱਡੇ ਘਰਾਣੇ ਦਾ ਕੁਝ ਨਹੀਂ ਸੀ ਵਿਗਾੜ ਸਕੀ, ਕਿਉਂਕਿ ਉਸ ਦੇ ਪਿੱਛੇ ਇੱਕ ਸੌ ਚਾਲੀ ਕਰੋੜ ਲੋਕਾਂ, ਅਸਲ ਵਿੱਚ ਇੱਕ ਸੌ ਚਾਲੀ ਕਰੋੜ ਗ੍ਰਾਹਕਾਂ ਦੀ ਅਗਵਾਈ ਕਰਨ ਵਾਲੀ ਸੱਤਾ ਮਜ਼ਬੂਤੀ ਨਾਲ ਆਣ ਖੜੋਤੀ ਸੀ। ਅਜੋਕੀਆਂ ਪਾਰਲੀਮੈਂਟਰੀ ਚੋਣਾਂ ਓਹਲੇ ਵੀ ਇਹੋ ਖੇਡ ਚਲਦੀ ਸੁਣੀ ਜਾਂਦੀ ਹੈ।

ਰੂਪ ਬਦਲਿਆ ਹੋ ਸਕਦਾ ਹੈ, ਸੱਤਾ ਆਖਰ ਸੱਤਾ ਹੁੰਦੀ ਹੈ ਤੇ ਉਸ ਦੀ ਸਰਪ੍ਰਸਤੀ ਦਾ ਮਤਲਬ ਦੁਨੀਆ ਭਰ ਦਾ ਪੂੰਜੀ ਬਾਜ਼ਾਰ ਜਾਣਦਾ ਹੈ। ਦੁਨੀਆ ਲੋਕਾਂ ਅਤੇ ਲੋਕਤੰਤਰਾਂ ਜਾਂ ਰਾਜ-ਪ੍ਰਬੰਧ ਦੀਆਂ ਹੋਰ ਵੰਨਗੀਆਂ ਨਾਲ ਨਹੀਂ ਚਲਦੀ, ਦੌਲਤਾਂ ਨਾਲ ਖਜ਼ਾਨੇ ਭਰਨ ਦੀ ਓਸੇ ਨੀਤ ਤੇ ਨੀਤੀ ਦੇ ਨਵੇਂ ਆਸ਼ੇ ਮੁੱਖ ਰੱਖ ਕੇ ਚਲਾਈ ਜਾਂਦੀ ਹੈ, ਜਿਸ ਨੀਤ ਤੇ ਨੀਤੀ ਉੱਤੇ ਪੁਰਾਣੇ ਸਮੇਂ ਦੇ ਰਾਜੇ-ਮਹਾਰਾਜੇ ਚੱਲਿਆ ਕਰਦੇ ਸਨ। ਲੋਕ ਬੇਸ਼ੱਕ ਭੁੱਖੇ ਮਰਦੇ ਸਨ, ਰਾਜੇ ਅਜੋਕੇ ਰਾਸ਼ਟਰਪਤੀ ਭਵਨ ਨਾਲੋਂ ਵੱਧ ਆਲੀਸ਼ਾਨ ਮਹਿਲਾਂ ਵਿੱਚ ਰਹਿੰਦੇ ਅਤੇ ਐਸ਼ ਕਰਨ ਦੇ ਨਾਲ ਖਜ਼ਾਨਿਆਂ ਵਿਚਲੀ ਦੌਲਤ ਹੋਰ ਤੋਂ ਹੋਰ ਵਧਾਉਣ ਲੱਗੇ ਰਹਿੰਦੇ ਸਨ। ਲੋਕਤੰਤਰੀ ਪਰਦੇ ਹੇਠ ਅਜੋਕੇ ਰਾਜੇ-ਮਹਾਰਾਜੇ ਕਿਸੇ ਵੀ ਦੇਸ਼ ਦੇ ਹੋਣ, ਆਪਣੇ ਚਹੇਤਿਆਂ ਦੀਆਂ ਦੌਲਤਾਂ ਦੇ ਅੰਬਾਰ ਭਰਨ ਲਈ ਯਤਨ ਕਰਦੇ ਅਤੇ ਝੁੱਗੀ-ਝੌਂਪੜੀਆਂ ਵਿੱਚ ਭੁੱਖੇ ਢਿੱਡ ਸੌਂਦੇ ਲੋਕਾਂ ਨੂੰ ਸੁਨਹਿਰੇ ਸੁਫਨੇ ਵਿਖਾਉਣ ਲਈ ਫਿਲਮੀ ਦੁਨੀਆ ਵਾਲੇ ਐਕਟਰਾਂ ਤੋਂ ਵੱਧ ਕਮਾਲ ਕਰਦੇ ਨਜ਼ਰ ਆਉਂਦੇ ਹਨ। ਮਨੁੱਖਾ ਦੇਹੀ ਨੂੰ ਮਾਣਨ ਦੀ ਥਾਂ ਭੁਗਤਣ ਲਈ ਦੁਨੀਆ ਵਿੱਚ ਆਇਆ ਆਮ ਬੰਦਾ ਕਦੀ ਇਹ ਜਾਣ ਨਹੀਂ ਸਕਦਾ ਕਿ ਉਸ ਦੀ ਗਠੜੀ ਨੂੰ ਚੋਰ ਕਿੱਥੇ ਲੱਗਾ ਪਿਆ ਹੈ।

14-April-Sunday.qxd 4/13/2024 8:56 PM Page 4

ਹੱਕ-ਸੱਚ, ਸਵੈ-ਮਾਣ ਤੇ ਪਛਾਣ ਦੀ ਗਾਥਾ

ਸੁਲਘਦੇ ਸਮਿਆਂ ਦਾ ਸੱਚ

ਸੰਪਾ. ਬਲਦੇਵ ਸਿੰਘ ਧਾਲੀਵਾਲ
ਸਫ਼ੇ : 540, ਮੁੱਲ : 800 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਕਿਤਾਬ ਦੀ

ਪਰਖ ਪੜਚੋਲ

ਡਾ. ਹਰਿੰਦਰ ਸਿੰਘ ਤੁੜ

ਸੁਲਘਦੇ ਸਮਿਆਂ ਦਾ ਸੱਚ ਵਿਚ ਸਾਹਿਤ ਮਨੁੱਖਤਾ ਦੇ ਜੀਣ-ਥੀਣ ਦੇ ਮਸਲਿਆਂ ਦੀ ਬਾਤ ਪਾਉਂਦਾ ਰਿਹਾ ਹੈ, ਪਾਉਂਦਾ ਰਹੇਗਾ। ਪੰਜਾਬੀ ਸਾਹਿਤ ਦੀ ਉੱਚਤਾ ਹੈ ਕਿ ਇਸ ਵਿਚ-ਵਿਚਾਰੇ ਮਸਲੇ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ, ਸਗੋਂ ਵਿਸ਼ਵ ਦੀ ਮਾਨਵਤਾ ਦੀ ਆਵਾਜ਼ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਸਾਹਿਤ ਨੇ ਵਿਸ਼ਵੀ ਮਨੁੱਖ ਦੀਆਂ ਭਾਵਨਾਵਾਂ ਦਾ ਕਥਾਰਸਿਸ ਕੀਤਾ ਹੈ। ਹੱਥਲੀ ਪੁਸਤਕ 'ਸੁਲਘਦੇ ਸਮਿਆਂ ਦਾ ਸੱਚ : ਹੱਕ-ਸੱਚ, ਸਵੈ-ਮਾਣ ਤੇ ਪਛਾਣ ਦੀ ਗਾਥਾ' ਵਜੋਂ ਵਿਚਾਰਿਆ ਜਾਵੇਗਾ। ਪੁਸਤਕ ਦੇ ਸੰਪਾਦਕ ਬਲਦੇਵ ਸਿੰਘ ਧਾਲੀਵਾਲ ਹਨ। ਉਨ੍ਹਾਂ ਦੀ ਪੰਜਾਬੀ ਸਾਹਿਤ ਤੇ ਆਲੋਚਨਾ ਦੇ ਖੇਤਰ ਵਿਚ ਵਡਮੁੱਲੀ ਦੇਣ ਹੈ। ਹੁਣ ਤੱਕ ਉਨ੍ਹਾਂ ਦੀਆਂ 45 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਕਾਵਿ-ਸੰਗ੍ਰਹਿ, ਕਹਾਣੀ ਸੰਗ੍ਰਹਿ, ਸਫ਼ਰਨਾਮੇ, ਵਾਰਤਕ, 18 ਆਲੋਚਨਾਤਮਕ ਪੁਸਤਕਾਂ ਤੇ 20 ਸੰਪਾਦਿਤ ਪੁਸਤਕਾਂ ਹਨ, ਇਨ੍ਹਾਂ ਪੁਸਤਕਾਂ ਨੇ ਵਿਦਿਆਰਥੀਆਂ, ਖੋਜ-ਵਿਦਿਆਰਥੀਆਂ ਤੇ ਪਾਠਕਾਂ ਨੂੰ ਦਿਸ਼ਾ ਪ੍ਰਦਾਨ ਕੀਤੀ। ਪੁਸਤਕ ਵਿਚ ਕਹਾਣੀ, ਮਿੰਨੀ ਕਹਾਣੀ, ਕਵਿਤਾ, ਨਜ਼ਮ, ਗਜ਼ਲ, ਵਾਰਤਕ, ਨਾਟਕ, ਨਾਵਲ, ਸਿਨੇਮਾ ਆਦਿ ਵਿਧਾਵਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ।

ਪੁਸਤਕ ਦੇ ਪਹਿਲੇ ਭਾਗ 'ਪੰਜਾਬੀ ਕਹਾਣੀ : ਸਰਵੇਖਣ ਅਤੇ ਮੁਲਾਂਕਣ' ਬਲਦੇਵ ਸਿੰਘ ਧਾਲੀਵਾਲ ਨੇ ਕੀਤਾ ਹੈ। 'ਪੰਜਾਬੀ ਮਿੰਨੀ ਕਹਾਣੀ : ਸਰਵੇਖਣ ਅਤੇ ਮੁਲਾਂਕਣ' ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ ਹੈ। ਇਸ ਭਾਗ ਵਿਚ 20 ਚੋਣਵੀਆਂ ਕਹਾਣੀਆਂ, ਮਿੰਨੀ ਕਹਾਣੀਆਂ ਦਰਜ ਹਨ। ਕਹਾਣੀਆਂ ਦਾ ਕੇਂਦਰ ਆਮ ਮਨੁੱਖ ਹੈ, ਜੋ ਵਰਤਮਾਨ ਪ੍ਰਸਥਿਤੀਆਂ ਦੀ ਉਦਾਸੀਨਤਾ ਵਿਚ ਵਿਚਰਦਾ ਹੋਇਆ ਵੀ ਸੰਘਰਸ਼ਮਈ ਜੀਵਨ ਜਿਊਂਦਾ ਹੈ। 20ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਕਾਰੋਬਾਰੀ ਮੱਧ ਵਰਗ ਦਾ ਉਭਾਰ ਹੋਇਆ ਤਾਂ ਇਸ ਦੀ ਦ੍ਰਿਸ਼ਟੀ ਵਧੇਰੇ ਉਤਸ਼ਾਹੀ ਅਤੇ ਜੀਵਨ ਮੁਖੀ ਸੀ। ਉੱਤਰ ਵਿਸ਼ਵੀਕਰਨ ਤੇ ਉੱਤਰ ਮੱਧ ਵਰਗੀ ਦੌਰ 'ਚ ਮੱਧ ਵਰਗੀ ਮਨੁੱਖ ਦੇ ਸੁਪਨੇ ਟੁੱਟਣ ਲੱਗੇ। ਨੌਜਵਾਨ ਪੀੜ੍ਹੀ ਦਾ ਰੁਝਾਨ ਪਰਵਾਸ ਵੱਲ ਵਧਣ ਲੱਗਾ। ਇਸ ਤੋਂ ਇਲਾਵਾ ਨਸ਼ੇ ਤੇ ਗੈਂਗਸਟਰ ਗਰੁੱਪਾਂ ਵਿਚ ਵਾਧਾ ਹੋਇਆ। ਸੋਸ਼ਲ ਮੀਡੀਆ ਨੇ ਅਨੈਤਿਕਤਾ ਦਾ ਪ੍ਰਚਾਰ ਕੀਤਾ, ਜਿਸ ਕਾਰਨ ਨੌਜਵਾਨ ਲੜਕੇ-ਲੜਕੀਆਂ ਮਾਨਸਿਕ ਤੇ ਸਰੀਰਕ ਤੌਰ 'ਤੇ ਗਰੱਸੇ ਗਏ। ਵਰਿਆਮ ਸੰਧੂ ਦਾ ਕਹਾਣੀ ਸੰਗ੍ਰਹਿ 'ਜਮਰੌਦ' ਦੇ ਪਾਤਰ ਪੱਛਮੀ ਦੇਸ਼ਾਂ ਦਾ ਵੀਜ਼ਾ ਪ੍ਰਾਪਤ ਕਰਨ ਨੂੰ ਕਿਲ੍ਹਾ ਜਿੱਤਣ ਦੀ ਮੁਹਿਮ ਸਮਝਦੇ ਹਨ। ਹਰਪ੍ਰੀਤ ਚੰਨੂ ਦਾ ਕਹਾਣੀ ਸੰਗ੍ਰਹਿ 'ਸੱਥਰ' ਅਜੋਕੇ ਪੰਜਾਬ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਰੂਪਮਾਨ ਕਰਦਾ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲੀਆ' ਦਾ ਕੇਂਦਰੀ ਪਾਤਰ ਨਹਿਰ ਵਿਚ ਰੁੜ੍ਹਦੀਆਂ ਲਾਸ਼ਾਂ ਨੂੰ ਕੱਢਦਾ-ਕੱਢਦਾ ਆਪ ਹੀ ਲਾਸ਼ ਵਰਗੀ ਸਥਿਤੀ ਭੋਗਦਾ ਹੈ। ਕਹਾਣੀ 'ਮੈਂ ਰੋ ਨਾ ਲਵਾਂ ਇਕ ਵਾਰ' ਦੀ ਦਲਿਤ ਪਾਤਰ ਨਿੰਦਰ ਦੀ ਹੋਣੀ ਦਾ ਬਿਰਤਾਂਤ 'ਲੋਕ ਸਾਨੂੰ ਸ਼ੁਦਾਈ ਆਂਹਦੇ, ਸਾਡੇ ਦੁੱਖ ਵੱਲ ਨਹੀਂ ਜਾਂਦੇ' ਦੁਖਾਂਤ ਦਲਿਤ ਕਰਕੇ, ਆਰਥਿਕ ਅਸਥਿਰਤਾ ਤੇ ਖਾਲੀਪਣ ਹੋਣ ਕਰਕੇ ਹੈ। ਕਹਾਣੀ ਸੰਗ੍ਰਹਿ ਕਲਾਸ, ਝਾਂਜਰਾਂ ਵਾਲੇ ਪੈਰ, ਇੱਥੋਂ ਸੂਰਜ ਦਿਸਦਾ ਹੈ, ਇੰਟਰਵਲ ਤੋਂ ਬਾਅਦ, ਲਟ ਲਟ ਬਲਦਾ ਦੀਵਾ, ਬੰਦਾ ਮਾਰਨਾ ਕਿਹੜਾ ਸੌਖਾ ਹੈ, ਸਰਦਾਰ ਦੀ ਪੱਗ, ਮਸਲੇ ਨੈਣਾਂ ਦੇ, ਪਹੁ-ਫੁਟਾਲੇ ਤੱਕ ਆਦਿ ਵਿਚ ਵਰਤਮਾਨ ਸਮੱਸਿਆਵਾਂ ਉੱਤੇ ਫੋਕਸ ਕੀਤਾ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਬੇਵਿਸਾਹੀ ਰੁੱਤ' ਵਿਚ ਅਮੀਤ ਦਾ ਆਪਣੇ ਦਾਦਾ-ਦਾਦੀ ਨਾਲ ਜ਼ਿਆਦਾ ਪਿਆਰ ਤੇ ਸਨੇਹ ਹੈ ਤੇ ਮਾਤਾ-ਪਿਤਾ ਪਦਾਰਥਵਾਦੀ ਸਿਸਟਮ ਦਾ ਸ਼ਿਕਾਰ ਹਨ। ਦਾਦਾ-ਦਾਦੀ ਦੀ ਮੌਤ ਤੋਂ ਬਾਅਦ ਅਮੀਤ ਇਕੱਲਤਾ ਦਾ ਸ਼ਿਕਾਰ ਹੋ ਜਾਂਦਾ ਹੈ। ਪਾਕਿਸਤਾਨੀ ਲੇਖਕ ਕਰਾਮਤ ਮੁਗ਼ਲ ਦੀ ਕਹਾਣੀ 'ਬੇਖ਼ਬਰ' ਵਿਚ ਸੈਕਸ ਦੇ ਮੁੱਦਿਆਂ ਨੂੰ ਦਾਰਸ਼ਨਿਕ ਪੱਖ ਤੋਂ ਵਿਚਾਰਿਆ ਗਿਆ ਹੈ। ਦੂਰ-ਦ੍ਰਿਸ਼ਟੀ ਦੀ ਮਨੁੱਖ ਨੂੰ ਪਸ਼ੂ ਬਿਰਤੀ ਤੋਂ ਸ਼੍ਰੋਮਣੀ ਮਨੁੱਖ ਜੂਨੀ ਦਾ ਹੱਕਦਾਰ ਬਣਾਉਂਦੀ ਹੈ। ਕਹਾਣੀ ਦਾ ਲਹਿਜਾ ਬਾਤ ਪਾਉਣ ਵਾਂਗ ਲੋਕਧਾਰਾਈ ਤੇ ਰਹੱਸਮਈ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ 'ਅਲੇਹਾਂ' ਵਿਚ ਮਨਦੀਪ ਨੂੰ ਸਭ ਰਿਸ਼ਤੇ ਹੀ 'ਗਾਰਬੇਜ਼' ਜਾਪਦੇ ਹਨ। ਉਹ ਆਪਣਾ ਯੂਨੀਵਰਸ ਚਾਹੁੰਦੀ ਹੈ। ਉਹ ਆਇਰਸ ਲੇਡੀ 'ਲਿੰਡਾ' ਨੂੰ ਆਪਣਾ ਆਦਰਸ਼ ਬਣਾ ਕੇ ਭੇਦ-ਭਾਵਾਂ ਤੋਂ ਉੱਪਰ ਉੱਠਣਾ ਚਾਹੁੰਦੀ ਹੈ ਪਰ ਮਾਨਸਿਕ ਦਵੰਦ ਵਿਚ ਫਸੀ ਰਹਿੰਦੀ ਹੈ। ਚਿੱਠੀਆਂ ਤੇ ਫੋਨ ਰਾਹੀਂ ਸੰਵਾਦ ਦੀ ਕਲਾਤਮਿਕਤਾ ਉਜਾਗਰ ਹੁੰਦੀ ਹੈ। ਕੁਲਬੀਰ ਬਡੇਸਰੋਂ ਦੀ ਕਹਾਣੀ 'ਆਕਰੋਸ਼' ਵਿਚ ਅਦਾਕਾਰਾ ਜਸਬੀਰ ਦੇ ਮਾਨਸਿਕ ਸੰਤਾਪ ਦਾ ਬਿਰਤਾਂਤ ਹੈ। ਇਸ ਵਿਚ ਫਿਲਮੀ ਇੰਡਸਟਰੀ ਦੇ ਵਰਤਾਰਿਆਂ ਦਾ ਭਰਮ-ਜਾਲ ਦ੍ਰਿਸ਼ਟੀਗੋਚਰ ਹੁੰਦਾ ਹੈ। ਛੁੱਟੜ ਹੋਣ ਦਾ ਸੰਤਾਪ ਤੇ ਪਤੀ ਦੀ ਪ੍ਰੇਮਿਕਾ ਦੇ ਸਾਹਮਣੇ ਆਉਣ 'ਤੇ ਆਖਰੀ ਸੀਨ ਵਿਚ ਵਿਰੋਧੀ ਦੇ ਸੱਚ-ਮੁੱਚ ਦਾ ਥੱਪੜ ਮਾਰ ਕੇ ਗੁੱਸਾ ਸ਼ਾਂਤ ਕਰਦੀ ਹੈ। ਬਿੰਦਰ ਬਸਰਾ ਦੀ ਕਹਾਣੀ 'ਆਪਣੇ ਆਪਣੇ ਮੋਰਚੇ' ਵਿਚ ਰਿਸ਼ਤਿਆਂ ਦੇ ਸਵਾਰਥੀਪਣ ਦੇ ਦਰਸ਼ਨ ਹੁੰਦੇ ਹਨ। 'ਮਾਮਾ ਇੰਗਲੈਂਡ ਰਹਿੰਦੇ ਭਾਣਜੇ ਦੀ ਮੌਤ ਨੂੰ ਵੀਜ਼ਾ ਪ੍ਰਾਪਤੀ ਦੇ ਸਾਧਨ ਵਜੋਂ ਵਰਤਦਾ ਹੈ, ਜਿਸ ਨਾਲ ਮਾਨਵੀ ਭਾਵਨਾਵਾਂ ਦਾ ਚਿੱਤਰ ਉੱਘੜਦਾ ਹੈ।' ਵਿਪਨ ਗਿੱਲ ਦੀ 'ਚਾਬੀਆਂ ਦਾ ਗੁੱਛਾ' ਵਿਚ ਪਤੀ-ਪਤਨੀ ਵਿਚਕਾਰਲੇ ਖੋਖਲੇਪਣ ਦੇ ਭੇਦ ਖੁੱਲ੍ਹਦੇ ਹਨ। ਗੁਰਮੀਤ ਪਨਾਗ ਦੀ ਕਹਾਣੀ 'ਸੂਲਾਂ ਵਰਗੇ ਪੱਤੇ' ਵਿਚ ਪਤੀ-ਪਤਨੀ ਦੇ ਖਲਾਅ ਤੇ ਤਣਾਓ ਦਾ ਕਾਰਨ ਔਲਾਦ ਨਾ ਹੋਣਾ ਹੈ। ਆਈ ਵੀ ਐੱਫ ਦੀ ਤਕਨੀਕ ਰਾਹੀਂ ਵਾਰਸ ਪ੍ਰਾਪਤੀ ਦਾ ਯਤਨ ਕੀਤਾ ਜਾਂਦਾ ਹੈ। ਇਹ ਕਹਾਣੀ ਕੈਨੇਡਾ ਦੀ ਜੀਵਨ ਹਯਾਤੀ ਨੂੰ ਰੂਪਮਾਨ ਕਰਦੀ ਹੈ। ਪਰਵੇਜ਼ ਸੰਧੂ ਦੀ 'ਅੱਗ ਦੀ ਸਾਂਝ' ਪੰਜਾਬੀ ਔਰਤ ਦੀ ਮਾਨਸਿਕ ਭਟਕਣਾ ਉਜਾਗਰ ਹੁੰਦੀ ਹੈ। ਫਰਜ਼ਾਂ ਤੇ ਖਵਾਹਿਸ਼ਾਂ ਵਿਚ ਪਿਸਦੀ ਕੇਂਦਰੀ ਪਾਤਰ ਦਵੰਦਮਈ ਜੀਵਨ ਜੀਅ ਰਹੀ ਹੈ। ਗੋਰੀ ਸਹੇਲੀ ਦੀ 'ਅੱਗ ਦੀ ਸਾਂਝ' ਦੀਆਂ ਗੱਲਾਂ ਪੰਜਾਬੀ ਔਰਤ ਦੀ ਮਾਨਸਿਕਤਾ ਉੱਤੇ ਗਹਿਰਾ ਅਸਰ ਪਾਉਂਦੀਆਂ ਹਨ। ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਕਹਾਣੀ ਨੇ ਗਿਣਤੀ ਤੇ ਗੁਣਾਤਮਿਕ ਪੱਖੋਂ ਆਪਣੀ ਨਿਵੇਕਲੀ ਪਛਾਣ ਕਾਇਮ ਰੱਖੀ ਹੈ। ਦਾਰਸ਼ਨਿਕ ਚਿੰਤਨ ਤੇ ਕਿਸਾਨੀ ਸੰਘਰਸ਼ ਦੇ ਮੁੱਦੇ ਵੀ ਪਾਠਕ ਤੱਕ ਪਹੁੰਚਾਏ।

ਪੁਸਤਕ 'ਸੁਲਘਦੇ ਸਮਿਆਂ ਦਾ ਸੱਚ' ਵਿਚ ਦੂਜਾ ਭਾਗ 'ਪੰਜਾਬੀ ਕਾਵਿ : ਸਰਵੇਖਣ ਅਤੇ ਮੁਲਾਂਕਣ' ਅਧੀਨ ਕਾਵਿ ਦੀ ਪ੍ਰਤੀਬੱਧਤਾ ਦਾ ਜ਼ਿਕਰ ਕੀਤਾ ਹੈ। 10 ਕਵਿਤਾਵਾਂ, 35 ਨਜ਼ਮਾਂ, 21 ਗਜ਼ਲਾਂ ਦਰਜ ਹਨ। ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ, ਸੱਭਿਆਚਾਰਕ, ਮਨੋਵਿਗਿਆਨਕ ਪਸਾਰਾਂ ਦਾ ਜ਼ਿਕਰ ਕਰਦੇ ਹੋਏ ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਸੰਵਾਦ ਰਚਾਇਆ ਹੈ। ਕਾਵਿ ਵਿਚ ਦੋ ਮਹੱਤਵਪੂਰਨ ਪੱਖ ਵਰਤਮਾਨ ਦਾ ਪ੍ਰਤੀਕਰਮ ਅਤੇ ਜੀਵਨ ਦੀਆਂ ਰਮਜ਼ਾਂ ਉਜਾਗਰ ਹੁੰਦੇ ਹਨ। ਦੇਸ਼ ਭਰ ਵਿਚ ਲੋਕ-ਮਾਰੂ ਨੀਤੀਆਂ ਦੇ ਪ੍ਰਸੰਗ ਵਿਚ ਆਮ ਮਨੁੱਖੇ ਨੇ ਏਕਤਾ ਦਾ ਸਬੂਤ ਦੇ ਕੇ ਸੰਘਰਸ਼ਮਈ ਰਸਤਾ ਅਖਤਿਆਰ ਕੀਤਾ। ਕਿਸਾਨ ਅੰਦੋਲਨ ਨੇ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦਾ ਵਿਰੋਧ ਕੀਤਾ, ਵਰਤਮਾਨ ਕਾਵਿ ਨੇ 'ਸੱਤਾਰੂੜ ਜਮਾਤ' ਦੇ 'ਫਾਸ਼ੀਵਾਦੀ ਅਜੰਡੇ' ਦਾ ਡਟ ਕੇ ਵਿਰੋਧ ਕੀਤਾ। ਕਾਰਪੋਰੇਟ ਘਰਾਣਿਆਂ ਦਾ ਬਾਈਕਾਟ ਤੇ ਸਾਮਰਾਜਵਾਦੀ ਸਿਸਟਮ ਦਾ ਵਿਰੋਧ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ, ਅਧਿਆਪਕਾਂ, ਵਿਦਿਆਰਥੀਆਂ ਤੇ ਲੇਖਕਾਂ ਨੇ ਏਕਤਾ ਸਥਾਪਤ ਕਰਕੇ ਕੀਤਾ। 'ਨਾਗਰਿਕਤਾ ਸੋਧ ਬਿੱਲ' ਦੇ ਵਿਰੋਧ ਵਿਚ ਉੱਠੇ ਜਨਤਕ ਅੰਦੋਲਨ ਨੂੰ 'ਕੋਰੋਨਾ ਦੀ ਆੜ' ਵਿਚ ਦਬਾ ਕੇ ਰੱਖਣ ਦਾ ਪਰਦਾਫਾਸ਼ ਕੀਤਾ। ਕਿਸਾਨ ਅੰਦੋਲਨ ਨੇ ਮਨੁੱਖਤਾ ਵਿਚ ਚੇਤਨਾ ਪੈਦਾ ਕੀਤੀ :

ਹੱਕ ਸੱਚ ਦੀ ਵਾਜ਼ ਦਾ ਜੈਕਾਰਾ ਹੋਰ ਹੁੰਦਾ ਹੈ।
ਵੋਟਾਂ ਖਾਤਰ ਲਾਇਆ ਨਾਅਰਾ ਹੋਰ ਹੁੰਦਾ ਹੈ।

ਰਵਿੰਦਰ ਰਵੀ, ਸੁਖਿੰਦਰ, ਲਖਵਿੰਦਰ, ਮੋਹਨ ਤਿਆਗੀ ਨੇ ਕਿਸਾਨੀ ਸੰਘਰਸ਼ ਦੀਆਂ ਘਟਨਾਵਾਂ ਨੂੰ ਕਵਿਤਾ ਰਾਹੀਂ ਪਾਠਕਾਂ ਤੇ ਲੋਕਾਂ ਤੱਕ ਪਹੁੰਚਾਇਆ। ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿਚ ਅਣਖ, ਗੈਰਤ, ਤਿਆਗ, ਕੁਰਬਾਨੀ ਦੇ ਜਜ਼ਬੇ ਰੂਪਮਾਨ ਹੁੰਦੇ ਹਨ :

ਅਸੀਂ ਹੁਣ ਮੁੜ ਨਹੀਂ ਸਕਦੇ
ਅਸੀਂ ਇਕ ਬਣ ਰਹੀ
ਸੋਹਣੀ ਜਿਹੀ
ਕਵਿਤਾ 'ਚ ਸ਼ਾਮਲ ਹੋਣ ਵਾਲੇ
ਲਫ਼ਜ਼ ਹਾਂ ਯਾਰੋ
ਅਸੀਂ ਹੁਣ ਤੋਂ ਥੁੜ ਨਹੀਂ ਸਕਦੇ।

ਮੋਹਣ ਤਿਆਗੀ ਦੁਆਰਾ ਅਰਤਿੰਦਰ ਸੰਧੂ ਦੀਆਂ ਕਵਿਤਾਵਾਂ ਦੀ ਪੁਸਤਕ 'ਮਿੱਟੀ ਦੇ ਵਣਜਾਰੇ' ਸੰਪਾਦਿਤ ਕੀਤੀ ਗਈ, ਜਿਸ ਵਿਚ ਅੰਨਦਾਤਾ ਕਿਸਾਨ ਦਾ ਜੀਵਨ, ਫਸਲ, ਮੰਡੀ ਵਿਚਲੀ ਲੁੱਟ, ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਤੇ ਜਿੱਤ ਦਾ ਬਿੰਬ ਸਿਰਜਿਆ ਗਿਆ ਹੈ। ਸੁਖਵਿੰਦਰ ਬੋਦਲਾਂਵਾਲਾ ਦੀ ਪੁਸਤਕ 'ਹੂਕ ਪੰਜਾਬ ਦੀ' ਵਿਚ ਪੰਜਾਬ ਦੇ ਦਰਦ ਨੂੰ ਬਿਆਨ ਕੀਤਾ ਹੈ। ਅਮਰ ਸੂਫੀ ਦੀ ਕਵਿਤਾ 'ਰਾਜ ਕਰੇਂਦੇ ਰਾਜਿਆ' ਵਿਚ 678 ਦੋਹਿਆਂ ਵਿਚ ਸੱਤਾਧਾਰੀ ਧਿਰ ਦੀਆਂ ਜ਼ਾਲਮਾਨਾਂ ਨੀਤੀਆਂ ਉੱਤੇ ਪ੍ਰਸ਼ਨ ਉਠਾਇਆ ਹੈ :

ਰਾਜ ਕਰੇਂਦੇ ਰਾਜਿਆ, ਖੇਤੀ ਖਾਤਰ ਵਾੜ।
ਵੇਚੀ ਜਾਵੇ ਗੈਰ ਨੂੰ ਜੰਗਲ, ਖਾਣ, ਪਹਾੜ।
ਰਾਜ ਕਰੇਂਦੇ ਰਾਜਿਆ, ਸਿਦਕੀ ਸਿਰੜੀ ਲੋਕ
ਇਨ੍ਹਾਂ ਕੁੱਟ ਭਜਾ ਧਰੇ ਖੇਤੀ ਚਰਦੇ ਲੋਕ।

ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਕਰਦੇ ਹੋਏ ਨੌਜਵਾਨ ਪੀੜ੍ਹੀ ਨੂੰ ਸੁਚੇਤ ਹੋਣ ਦੀ ਬਾਤ ਵੀ ਪਾਈ ਹੈ। ਮਨਮੋਹਨ ਦਾ ਕਾਵਿ ਸੰਗ੍ਰਹਿ 'ਕਲਪ ਬਿਰਖ ਦੀ ਅਧੂਰੀ ਪਰੀ ਕਥਾ' ਵਿਚ ਤੱਥਕ ਜਾਣਕਾਰੀ ਦਿੱਤੀ ਹੈ। ਕਵਿਤਾਵਾਂ ਅਪੂਰਨਤਾ, ਦਵੰਦ ਤੇ ਵਿਰੋਧਤਾਵਾਂ ਬਾਰੇ ਜ਼ਿਕਰ ਕਰਦੇ ਹੋਏ ਮਨੁੱਖੀ ਹੋਣੀ ਨੂੰ ਚਿਤਰਦੀਆਂ ਹਨ। ਮਨਮੋਹਨ ਦਾਰਸ਼ਨਿਕ ਪੱਖ ਤੋਂ ਵੀ ਮਨੁੱਖ ਦਾ ਮਾਰਗ ਦਰਸ਼ਨ ਕਰਦਾ ਹੈ, ਕਿਉਂਕਿ ਉਗਮਨ ਤੇ ਬਿਨਸਣ ਵਾਲਾ ਮਨੁੱਖੀ ਜੀਵਨ ਹੈ। ਗੁਰਭਜਨ ਗਿੱਲ ਦਾ ਕਾਵਿ ਸੰਗ੍ਰਹਿ 'ਚਰਖੜੀ' ਲੋਕ ਮੁਹਾਵਰੇ ਦੀ ਸ਼ਾਇਰੀ ਰਾਹੀਂ ਮਨੁੱਖ ਦੇ ਅਵਚੇਤਨ ਵਿਚ ਪਏ ਸੁਪਨੇ ਤੇ ਸੰਕਟਮਈ ਯਥਾਰਥ ਨੂੰ ਰੂਪਮਾਨ ਕਰਦਾ ਹੈ। ਪ੍ਰਗੀਤਕ ਤੇ ਸਰੋਦੀ ਸੁਰ ਰਾਹੀਂ ਮਾਨਵੀ ਸੰਵੇਦਨਾ ਨੂੰ ਕੇਂਦਰੀ ਨੁਕਤਾ ਬਣਾ ਕੇ ਦਮਿਤ ਭਾਵਨਾਵਾਂ ਦਾ ਕਥਾਰਸਿਸ ਕੀਤਾ ਗਿਆ ਹੈ।

ਸਮਕਾਲੀ ਕਾਵਿ ਦੀ ਸੁਰ ਨਿੱਜ ਤੋਂ ਸਮਾਜਕਤਾ ਵੱਲ ਫੈਲਦੀ ਨਜ਼ਰ ਆਉਂਦੀ ਹੈ। ਪਦਾਰਥਵਾਦੀ ਸਿਸਟਮ ਵਿਚ ਵਸਤੂਆਂ ਪਿੱਛੇ ਲੱਗੀ ਦੌੜ ਤੇ ਰਿਸ਼ਤਿਆਂ ਦੀ ਟੁੱਟ-ਭੱਜ ਵੀ ਉਜਾਗਰ ਹੁੰਦੀ ਹੈ। ਸੁਰਿੰਦਰ ਮਕਸੂਦਪੁਰੀ ਦੀ ਪੁਸਤਕ 'ਕਵਿਤਾ ਅਕਵਿਤਾ' ਵਿਚ ਤਤਕਾਲੀ ਯਥਾਰਥ ਦਾ ਜ਼ਿਕਰ ਕਰਦੇ ਹੋਏ ਮਨੁੱਖਤਾ ਲਈ ਮੁਹੱਬਤ ਦੀ ਤਲਾਸ਼ ਕਰਦੀ ਹੈ। ਡਾ. ਸਰਬਜੀਤ ਸੋਹਲ ਦੀ ਪੁਸਤਕ 'ਉੱਭਲਚਿੱਤੀ' ਅਪ੍ਰਤੀਬਿੰਬ ਤੋਂ ਪ੍ਰਤੀਬਿੰਬ ਚੇਤਨਾ ਦੀ ਯਾਤਰਾ ਕਰਦੀ ਹੈ। ਉਸ ਦਾ ਫੋਕਸ ਨਾਰੀ ਸਰੋਕਾਰਾਂ ਦੇ ਨਾਲ-ਨਾਲ ਦਰਪੇਸ਼ ਸਮੱਸਿਆਵਾਂ ਉੱਤੇ ਰਹਿੰਦਾ ਹੈ। ਨਰਿੰਦਰਪਾਲ ਦੀ ਪੁਸਤਕ 'ਕਸ਼ੀਦ' ਵਿਚਲਾ ਸੁਹਜ ਪਿੰਡ ਦੀ ਰਹਿਤਲ ਵਾਲਾ ਕੁਦਰਤੀ ਹੈ। ਉਸ ਦੀ ਕਵਿਤਾ ਪੀੜਤ ਧਿਰ ਵੱਲ ਖੜੋਂਦੀ ਹੈ। ਕਾਵਿ ਦੇ ਦ੍ਰਿਸ਼ ਚਿੱਤਰ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ :

ਅਧਿਆਪਕ ਪੁੱਛਦਾ ਹੈ
15 ਅਗਸਤ ਨੂੰ ਕੀ ਹੋਇਆ ?
ਬੱਚਾ ਬੋਲਦਾ ਹੈ
ਮੇਰੀ ਮਾਂ ਦਾ ਬਣਾਇਆ ਇਕ ਵੀ
ਤਿਰੰਗਾ ਨਹੀਂ ਵਿਕਿਆ
ਆਜ਼ਾਦੀ ਦੇ ਜਸ਼ਨ 'ਚ
ਬਾਪੂ ਖਾਲੀ ਹੱਥ ਪਰਤਿਆ
ਅਸੀਂ ਭੁੱਖੇ ਸੁੱਤੇ।

ਰਵਿੰਦਰ ਰਵੀ ਦੀ ਦਰਪਨ ਤੇ ਦਰਸ਼ਨ, ਡਾ. ਚਰਨਜੀਤ ਸਿੰਘ ਦੀ ਸਿਮਰਨਾ ਤੇ ਸ਼ਮਸ਼ੀਰ, ਸੁਰਿੰਦਰਪਾਲ ਕਵੈਂਟਰੀ ਦੀ ਗੁੜ ਵਾਲੀ ਚਾਹ, ਮੁਖਤਾਰ ਦੀ ਟਾਹਲੀਆਂ ਦੀ ਛਾਵੇਂ, ਦਰਸ਼ਨ ਕੌਰ ਦਰਸ਼ੀ ਦੀ ਕੰਡਿਆਂ ਉੱਤੇ ਨੱਚਦੀਆਂ ਤਿੱਤਲੀਆਂ, ਅਰਤਿੰਦਰ ਸੰਧੂ ਦੀ ਖਾਮੋਸ਼ ਸਦੀ ਦੀ ਦਾਸਤਾਨ, ਅਮਰਜੀਤ ਕੌਂਕੇਂ ਦੀ ਬਚਿਆ ਰਹੇਗਾ ਸਾਰਾ ਕੁਝ, ਬਲਬੀਰ ਕੌਰ ਰੀਹਲ ਦੀ ਚੜ੍ਹਦੇ ਸੂਰਜ ਦੀ ਲਾਲੀ ਆਦਿ ਪੁਸਤਕਾਂ ਨੇ ਕਿਸਾਨੀ ਮੁੱਦੇ

14-April-Sunday.qxd 4/13/2024 8:57 PM Page 6

ਪ੍ਰਿੰਸੀਪਲ ਤਰਸੇਮ ਬਾਹੀਆ ਨੂੰ ਕੀਤਾ ਸਿਮਰਤੀ ਸਮਾਗਮ ਦੌਰਾਨ ਯਾਦ

ਖੰਨਾ-ਸਥਾਨਕ ਜੀ ਟੀ ਰੋਡ ਸਥਿਤ ਸ੍ਰੀ ਸਰਸਵਤੀ ਸੰਸਕ੍ਰਿਤ ਕਾਲਜ ਵਿਖੇ ਪ੍ਰਿੰਸੀਪਲ ਤਰਸੇਮ ਬਾਹੀਆ ਯਾਦਗਾਰੀ ਟਰੱਸਟ ਵੱਲੋਂ ਪ੍ਰਿੰਸੀਪਲ ਬਾਹੀਆ ਦੀ ਤੀਜੀ ਬਰਸੀ ਮੌਕੇ ਸਿਮਰਤੀ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿਚ ਪ੍ਰਿੰਸੀਪਲ ਬਾਹੀਆ ਦੇ ਸਾਥੀ ਰਹੇ ਡਾ. ਗੁਰਮੋਹਨ ਸਿੰਘ ਵਾਲੀਆ (ਸਾਬਕਾ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਸਤਨਾਮ ਚਾਨਾ, ਸੁਖਦੇਵ ਸਿੰਘ ਸਿਰਸਾ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪ੍ਰੋ. ਯੋਗਰਾਜ ਅੰਗਰਸ਼ਿ ਪੰਜਾਬ 'ਵਰਸਿਟੀ ਸ਼ਾਮਲ ਸਨ। ਸਮਾਗਮ ਦੇ ਆਰੰਭ ਵਿਚ ਟਰੱਸਟੀ ਐਡਵੋਕੇਟ ਪਰਮਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਡਾ. ਗੁਰਮੋਹਨ ਵਾਲੀਆ ਨੇ ਕੁੰਜੀਵਤ ਸੰਬੋਧਨ ਦੌਰਾਨ ਪ੍ਰਿੰਸੀਪਲ ਬਾਹੀਆ ਨਾਲ ਜੁੜੀਆਂ ਆਪਣੀਆਂ ਸਿਮਰਤੀਆਂ ਸਾਂਝੀਆਂ ਕਰਦਿਆਂ ਹਾਜ਼ਰ ਸਰੋਤਿਆਂ ਨੂੰ ਉਨ੍ਹਾਂ ਦੇ ਧਰਮ-ਨਿਰਪੱਖਤਾ ਅਤੇ ਲੋਕ-ਪੱਖੀ ਜੀਵਨ ਫਲਸਫੇ ਨੂੰ ਅਪਣਾਉਣ ਦੀ ਪ੍ਰੇਰਨਾ ਦਿੱਤੀ। ਗਾਇਕ ਜਗਜੀਤ ਜੱਗੀ ਨੇ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ ਮੇਰੇ ਯਾਰ ਸਭ ਹੁੰਮ-ਹੁਮਾ ਕੇ ਚੱਲਣਗੇ' ਵਰਗੇ ਗੀਤ ਸਮੇਤ ਬਹੁਤ ਸਾਰੀਆਂ ਮਨਮੋਹਕ ਗਜ਼ਲਾਂ ਨਾਲ ਸੰਗੀਤਕ ਸੁਰਾਂ ਛੇੜੀਆਂ। ਇਸ ਦੌਰਾਨ ਸ਼ਿਫ਼ਾਲੀ ਬਾਹੀਆ ਨੇ ਵੀ 'ਰਹੇ ਨਾ ਰਹੇ ਹਮ, ਮਹਿਕਾ ਕਰੇਂਗੇ' ਦੇ ਬੋਲਾਂ ਵਾਲੇ ਕਰੁਣਾ ਰਸ ਭਰੇ ਗੀਤ ਨਾਲ ਸਮਾਗਮ ਵਿਚ ਵੈਰਾਗ ਦਾ ਸ਼ਾਂਤ-ਰਸੀ ਰੰਗ ਭਰਿਆ। ਸਤਨਾਮ ਚਾਨਾ ਨੇ ਆਪਣੀਆਂ ਸਿਮਰਤੀਆਂ ਸਾਂਝੀਆਂ ਕਰਦਿਆਂ ਕਿਹਾ ਕਿ ਬਾਹੀਆ ਸਾਹਿਬ ਸਿੱਖਿਆ ਪ੍ਰਬੰਧ ਦੇ ਜਮਾਤੀ ਖਾਸੇ ਬਾਰੇ ਸਾਨੂੰ ਚੇਤੰਨ ਕਰਦੇ ਰਹਿੰਦੇ ਸਨ ਅਤੇ ਇਸ ਦੇ ਅਜਿਹੇ ਸਰੂਪ ਉੱਤੇ ਜ਼ੋਰ ਦਿੰਦੇ ਸਨ, ਜਿਹੜਾ ਜਮਾਤੀ ਹਿੱਤਾਂ ਤੋਂ ਉੱਪਰ ਹੋਵੇ ਤੇ ਸਿੱਖਿਆ ਦੇ ਮਾਮਲੇ ਵਿਚ ਕਿਸੇ ਨਾਲ ਵੀ ਕੋਈ ਵਿਤਕਰਾ ਜਾਂ ਭੇਦਭਾਵ ਨਾ ਹੋਵੇ।ਪ੍ਰਿੰਸੀਪਲ ਬਾਹੀਆ ਦੇ ਸਹਿਕਰਮੀ ਰਹੇ ਪ੍ਰੋਫੈਸਰ ਦਰਸ਼ਨ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਤਰੰਨੁਮ ਨਾਲ ਸ਼ਿਵ ਦੇ ਗੀਤ 'ਕਿੰਨੀ ਬੀਤੀ ਅਤੇ ਕਿੰਨੀ ਬਾਕੀ ਹੈ' ਦੀਆਂ ਕੁਝ ਸਤਰਾਂ ਸੁਣਾਈਆਂ, ਉੱਥੇ ਪ੍ਰਿੰਸੀਪਲ ਬਾਹੀਆ ਦੀ ਉਸ ਦਲੀਲਪੂਰਵਕ ਤੇ ਦਿਲਟੁੰਬਵੀਂ ਭਾਸ਼ਣ ਸ਼ੈਲੀ ਨੂੰ ਯਾਦ ਕੀਤਾ।

ਇਸ ਮੌਕੇ ਪ੍ਰਿੰਸੀਪਲ ਬਾਹੀਆ ਦੇ ਜਥੇਬੰਦਕ ਸਾਥੀ ਰਹੇ ਗੁਰਦੇਵ ਸਿੰਘ ਸੰਧੂ, ਪ੍ਰੋਫੈਸਰ ਯੋਗਰਾਜ ਅਤੇ ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਵਿਸ਼ਾਲ ਵਿਅਕਤੀਤਵ ਅਤੇ ਲੋਕ-ਹਿੱਤ ਵਾਲੀ ਸਿੱਖਿਆ ਦੇ ਸਮਰਥਕ ਪ੍ਰਿੰਸੀਪਲ ਬਾਹੀਆ ਦੀ ਅਧਿਆਪਕ ਲਹਿਰ ਪ੍ਰਤੀ ਪ੍ਰਤੀਬੱਧਤਾ ਮਿਸਾਲੀ ਸੀ। ਸ੍ਰੀ ਬਾਹੀਆ ਅਧਿਆਪਕ ਜਥੇਬੰਦੀਆਂ ਵਿੱਚ ਸੰਘਰਸ਼ਸ਼ੀਲ ਸਾਥੀਆਂ, ਸਧਾਰਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬੇਲਾਗ ਸੁਰੱਖਿਆ ਦਿੰਦੇ ਸਨ, ਜੋ ਆਪਣੇ ਵਿੱਦਿਅਕ ਅਸੂਲਾਂ ਉੱਤੇ ਡਟ ਕੇ ਖੜ੍ਹੇ ਰਹਿਣ ਵਿੱਚ ਮਦਦ ਕਰਦੀ ਸੀ। ਉਨ੍ਹਾਂ ਦੇ ਇਸ ਰਸਤੇ ਉੱਤੇ ਤੁਰਨਾ ਹੀ ਉਨ੍ਹਾ ਨੂੰ ਦਿੱਤੀ ਜਾਣ ਵਾਲੀ ਸੱਚੀ ਸ਼ਰਧਾਂਜਲੀ ਹੈ। ਸਮਾਗਮ ਦੌਰਾਨ ਕਵਿਤਰੀ ਡਾ. ਨੀਤੂ ਨੇ ਤੇ ਕਵੀ ਜਗਦੀਪ ਜਵਾਹਰਕੇ ਨੇ ਦਿਲ-ਟੁੰਬਵੀਆਂ ਕਵਿਤਾਵਾਂ ਦੀ ਪੇਸ਼ਕਾਰੀ ਨਾਲ ਸਮਾਗਮ ਨੂੰ ਭਾਵੁਕਤਾ ਪ੍ਰਦਾਨ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਹਰਪਿੰਦਰ ਸਿੰਘ ਸ਼ਾਹੀ ਨੇ ਬਾਖੂਬੀ ਨਿਭਾਈ।

'ਜ਼ਿੰਦਗੀ ਦੇ ਪਰਛਾਵੇਂ' ਦਾ ਲੋਕ ਅਰਪਣ ਅੱਜ

ਨਾਭਾ : ਨੌਜਵਾਨ ਸ਼ਾਇਰ ਜਸਵੰਤ ਗਿੱਲ ਸਮਾਲਸਰ ਦੀ ਕਾਵਿ-ਪੁਸਤਕ 14 ਅਪ੍ਰੈਲ ਨੂੰ ਨਾਭਾ ਵਿਖੇ ਹੋ ਰਹੇ ਸਾਲਾਨਾ ਸਾਹਿਤਕ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਜਾਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆ ਸ਼ਾਇਰ ਚਰਨਜੀਤ ਸਮਾਲਸਰ, ਜਸਵੰਤ ਰਾਊਕੇ, ਕਹਾਣੀਕਾਰ ਜਸਕਰਨ ਲੰਡੇ, ਡਾ. ਸਰਬਜੀਤ ਕੌਰ ਬਰਾੜ ਮੋਗਾ, ਯਸ਼ ਪੱਤੋ, ਤਰਸੇਮ ਲੰਡੇ ਨੇ ਦੱਸਿਆ ਕਿ ਨੌਜਵਾਨ ਸ਼ਾਇਰ ਜਸਵੰਤ ਗਿੱਲ ਸਮਾਲਸਰ ਦਾ ਪਲੇਠਾ ਕਾਵਿ- ਸੰਗ੍ਰਹਿ 'ਜ਼ਿੰਦਗੀ ਦੇ ਪਰਛਾਵੇਂ' ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ (ਰਜਿ) ਅਤੇ ਪ੍ਰੀਤ ਪਬਲੀਕੇਸ਼ਨ, ਨਾਭਾ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਨੌਵੇਂ ਪੁਸਤਕ ਰਿਲੀਜ਼ ਸਮਾਰੋਹ ਵਿੱਚ 14 ਅਪ੍ਰੈਲ ਦਿਨ ਐਤਵਾਰ ਨੂੰ ਲੋਕ ਅਰਪਣ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਹ ਸਾਲਾਨਾ ਸਾਹਿਤਕ ਸਮਾਗਮ ਰੋਟਰੀ ਭਵਨ, ਨੇੜੇ ਕਾਲਜ ਸਟੇਡੀਅਮ, ਨਾਭਾ ਵਿਖੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਡਾ. ਜੈਨਿੰਦਰ ਚੌਹਾਨ, ਕਨਵੀਨਰ ਅਸ਼ਵਨੀ ਬਾਗੜੀਆ ਅਤੇ ਸਮੂਹ ਕਾਰਜਕਾਰਨੀ ਮੈਂਬਰਾਂ ਦੀ ਯੋਗ ਅਗਵਾਈ ਵਿਚ ਹੋ ਰਿਹਾ ਹੈ। ਇਸ ਸਮਾਗਮ ਵਿੱਚ ਸੁਰਿੰਦਰਜੀਤ ਚੌਹਾਨ ਵੱਲੋਂ ਸੰਪਾਦਕ ਪੁਸਤਕ ਰੰਗਲੀ ਚਰਖੀ ਅਤੇ ਭੁਪਿੰਦਰ ਸਿੰਘ ਸੱਗੂ ਯੂ ਕੇ ਦੀ ਪੁਸਤਕ ਵੀ ਲੋਕ ਅਰਪਣ ਕੀਤੀਆਂ ਜਾਣਗੀਆਂ। ਸਮਾਗਮ ਦੀ ਪ੍ਰਧਾਨਗੀ ਮੋਗੇ ਤੋਂ ਸ਼੍ਰੋਮਣੀ ਸਾਹਿਤਕਾਰ ਬਲਦੇਵ ਸਿੰਘ (ਸੜਕਨਾਮਾ) ਕਰਨਗੇ ਅਤੇ ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਅਲੋਚਕ ਡਾ. ਸੁਰਜੀਤ ਬਰਾੜ ਘੋਲੀਆ ਵੀ ਹਾਜ਼ਰੀ ਭਰਨਗੇ।ਇਸ ਮੌਕੇ ਗੁਰਦੀਪ ਲੋਪੋ, ਰਣਜੀਤ ਸਰਾਂਵਾਲੀ, ਅਮਰ ਘੋਲੀਆ,ਪ੍ਰਸ਼ੋਤਮ ਪੱਤੋ, ਹਰਦੇਵ ਹਮਦਰਦ, ਗੁਰਪਿਆਰ ਹਰੀ ਨੌ, ਪ੍ਰਧਾਨ ਬਲਜਿੰਦਰ ਸਿੰਘ ਧਾਲੀਵਾਲ ਮੋਗਾ, ਕੁਲਵਿੰਦਰ ਵਿਰਕ, ਸੁਖਚੈਨ ਸਿੰਘ ਚੰਦ ਨਵਾਂ, ਜਗਜੀਤ ਸਿੰਘ ਬਾਵਰਾ, ਅਮਰਜੀਤ ਸਿੰਘ ਫੌਜੀ, ਰਾਜਵਿੰਦਰ ਰੌਂਤਾ, ਅਮਨਦੀਪ ਕੌਰ ਹਾਕਮ ਸਿੰਘ ਵਾਲਾ, ਲਖਵੀਰ ਕੋਮਲ,ਧਾਮੀ ਗਿੱਲ,ਅਮਿਤ ਕਾਦੀਆਂ, ਗੁਰਬਿੰਦਰ ਕੌਰ ਬੱਧਨੀ ਕਲਾਂ, ਕਹਾਣੀਕਾਰ ਅਮਰੀਕ ਸੈਦੋਕੇ, ਗੁਰਪ੍ਰੀਤ ਧਰਮਕੋਟ, ਡਾ. ਗੁਰਤੇਜ ਸਿੰਘ ਬਠਿੰਡਾ, ਗੁਰਜੰਟ ਕਲਸੀ ਲੰਡੇ, ਮੰਗਲ ਮੀਤ ਪੱਤੋ ਆਦਿ ਨੇ ਖੁਸ਼ੀ ਦਾ ਇਜ਼ਹਾਰ ਕੀਤਾ।

ਸਾਹਿਤ ਸਭਾ ਦੀ ਮਹੀਨਾਵਾਰ ਇਕੱਤਰਤਾ 'ਚ ਚੱਲਿਆ ਰਚਨਾਵਾਂ ਦਾ ਦੌਰ

ਕੋਟਕਪੂਰਾ: ਸਾਹਿਤ ਸਭਾ (ਰਜਿ:), ਕੋਟਕਪੂਰਾ ਦੀ ਮਹੀਨਾਵਾਰ ਇਕੱਤਰਤਾ ਸਥਾਨਕ ਸੰਗਮ ਪੈਲੇਸ ਵਿਖੇ ਕੁਲਦੀਪ ਮਾਣੂੰਕੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਸਭਾ ਵੱਲੋਂ ਨਿਕਟ ਭਵਿੱਖ ਵਿਚ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਰਦਿਆਂ ਨੌਜਵਾਨ ਸ਼ਾਇਰ ਜੋਬਨ ਭੈਰੋ ਭੱਟੀ ਨੇ ਆਪਣੀ ਕਵਿਤਾ 'ਇਹ ਕਿਵੇਂ ਹੋ ਸਕਦਾ ਹੈ ?' ਸੁਣਾਈ, ਗੁਰਪਿਆਰ ਹਰੀ ਨੌ ਨੇ ਨਜ਼ਮ 'ਲਾੱਕਡਾਊਨ', ਭੁਪਿੰਦਰ ਪਰਵਾਜ਼ ਨੇ ਗ਼ਜ਼ਲ 'ਐ! ਹਾਕਮ', ਜਸਕਰਨ ਮੱਤਾ ਨੇ ਦੋ ਕਵਿਤਾਵਾਂ 'ਹਾਕਮ ਸਿਰ 'ਤੇ ਬੈਠਾ' ਅਤੇ 'ਸੱਚ', ਉੱਘੇ ਚਿੰਤਕ ਜੰਗਪਾਲ ਸਿੰਘ ਹੋਰਾਂ ਨੇ ਲੇਖ 'ਵਿਦਿਆ ਵਿਭਾਗ ਵਿਚੋਂ ਖ਼ਤਮ ਹੋ ਚੁੱਕੀ ਸ਼ਬਦਾਵਲੀ', ਕੁਲਦੀਪ ਮਾਣੂੰਕੇ ਨੇ ਮਿੰਨੀ ਕਹਾਣੀ 'ਤਰਕ', ਗਗਨ ਸਾਂਵਲ ਨੇ ਕਵਿਤਾ 'ਨਿੱਤ ਦੀ ਮੌਤ', ਕਰਨਵੀਰ ਨੇ ਕਵਿਤਾ 'ਉਹ ਹਾਸਾ', ਬਰਜਿੰਦਰ ਭਾਰਤੀ ਨੇ ਗ਼ਜ਼ਲ 'ਸਿਖਾਏ ਇਸ਼ਕ ਨੇ ਮੈਨੂੰ, ਚੱਲਣ ਦੇ ਢੰਗ ਹਨ ਸੌ ਸੌ',ਨਾਮਵਰ ਗੀਤਕਾਰ ਕੁਲਦੀਪ ਕੰਡਿਆਰਾ ਨੇ 'ਇਹ ਤਾਂ ਹੋ ਨਹੀਂ ਸਕਦਾ' ਅਤੇ ਗੀਤ 'ਮਾਂ ਦੇ ਮੰਜੇ ਉੱਤੇ ਬਹਿ ਕੇ ਦੋ ਘੜੀਆਂ' ਆਪਣੀ ਖੂਬਸੂਰਤ ਆਵਾਜ਼ ਵਿੱਚ ਗਾ ਕੇ ਸੁਣਾਏ। ਪ੍ਰਿੰਸੀਪਲ ਗੁਰਮੇਲ ਕੌਰ ਨੇ ਭਰੂਣ ਹੱਤਿਆ ਤੇ ਗੀਤ 'ਮੈਂ ਵੀਰਾ ਤੇਰੀ ਖੱਬੀ ਬਾਂਹ ਵੇ' ਤਰੰਨੁਮ ਵਿੱਚ ਗਾ ਕੇ ਸੁਣਾਇਆ। ਜਸਕਰਤਾਰ ਸਿੰਘ ਨੇ 'ਨੀਂ ਨਹੀਂ ਜਾਣਾ ਯੋਗੀ ਦੇ ਨਾਲ' ਸੁਣਾਇਆ।ਇਸ ਮੌਕੇ ਪੇਸ਼ ਕੀਤੀਆਂ ਰਚਨਾਵਾਂ ਉੱਪਰ ਭਖਵੀਂ ਬਹਿਸ ਹੋਈ ਤੇ ਜੰਗਪਾਲ ਸਿੰਘ, ਮੇਘ ਰਾਜ ਸ਼ਰਮਾ ਤੇ ਬਰਜਿੰਦਰ ਭਾਰਤੀ ਹੋਰਾਂ ਵੱਲੋਂ ਉਸਾਰੂ ਸੁਝਾਅ ਵੀ ਦਿੱਤੇ ਗਏ। ਅੰਤ ਵਿੱਚ ਸਭਾ ਦੇ ਸਕੱਤਰ ਗੁਰਪਿਆਰ ਹਰੀ ਨੌ ਨੇ ਵੱਡੀ ਗਿਣਤੀ ਵਿੱਚ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

ਦੋ-ਰੋਜ਼ਾ 'ਯੁਵਾ ਸਾਹਿਤ ਉਤਸਵ'

ਭੀਖੀ : ਦਿ ਰੌਇਲ ਗਰੁੱਪ ਆਫ ਕਾਲਜਿਜ਼, ਬੋੜਾਵਾਲ ਵਿਖੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਦੀ ਅਗਵਾਈ ਅਧੀਨ, ਕੌਮੀ ਪੱਧਰ ਦਾ ਪ੍ਰੋਗਰਾਮ, ਯੁਵਾ ਸਾਹਿਤ ਉਤਸਵ ਕਰਵਾਇਆ।ਦੋ-ਰੋਜ਼ਾ ਪ੍ਰੋਗਰਾਮ ਦਾ ਪਹਿਲਾ ਦਿਨ ਉਦਘਾਟਨੀ ਸੈਸ਼ਨ ਵਿੱਚ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਨਾਲ ਸ਼ੁਰੂ ਹੋਇਆ ਜਿਸਦੀ ਪ੍ਰਧਾਨਗੀ ਡਾ. ਅਮਰਜੀਤ ਗਰੇਵਾਲ ਨੇ ਕੀਤੀ।ਸਭ ਤੋਂ ਪਹਿਲਾਂ ਪ੍ਰਿੰਸੀਪਲ ਡਾ.ਕੁਲਦੀਪ ਸਿੰਘ ਬੱਲ ਨੇ ਆਏ ਹੋਏ ਮਹਿਮਾਨਾਂ ਤੇ ਵਿਦਵਾਨਾਂ ਦਾ ਸਵਾਗਤ ਕੀਤਾ।ਡਾ. ਰਵੇਲਸਿੰਘ ਨੇ ਪ੍ਰੋਗਰਾਮ ਦੀ ਰੂਪ-ਰੇਖਾ ਸਾਂਝੀ ਕਰਦਿਆਂ ਅਜਿਹੇ ਪ੍ਰੋਗਰਾਮਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ।ਉਦਘਾਟਨੀ ਸ਼ਬਦ ਬੋਲਦਿਆਂ ਡਾ. ਸਰਬਜੀਤ ਕੌਰ ਸੋਹਲ ਨੇ ਨੌਜਵਾਨਾਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਆ, ਓਥੇ ਹੀ ਨੌਜਵਾਨੀ ਨੂੰ ਦਰਪੇਸ਼ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਪਰਵਾਸ ਦੀ ਸਮੱਸਿਆਂ ਦੀ ਉੱਘੜਵੇਂ ਰੂਪ ਵਿੱਚ ਗੱਲ ਕੀਤੀ। ਡਾ. ਸਰਬਜੀਤ ਸਿੰਘ, ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਜਿੱਥੇ ਪੰਜਾਬ ਸਾਹਿਤ ਅਕਾਦਮੀ ਨੂੰ ਅਜਿਹੇ ਪ੍ਰੋਗਰਾਮਾਂ ਨੂੰ ਉਲੀਕਣ ਲਈ ਵਧਾਈ ਦਿੱਤੀ ਓਥੇ ਹੀ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਨਾਲ ਜੁੜਨ 'ਤੇ ਅਜੋਕੀ ਤਕਨੀਕ ਦਾ ਹਾਣੀ ਬਨਣ ਦੀ ਗੱਲ ਕੀਤੀ।ਡਾ.ਅਮਰਜੀਤ ਸਿੰਘ ਗਰੇਵਾਲ ਨੇ ਅਜਿਹੇ ਪ੍ਰੋਗਰਾਮਾਂ ਦੀ ਸਾਰਥਕਤਾ ਨੂੰ ਬਿਆਨ ਕਰਦਿਆਂ ਮਸਨੂਈ ਬੁੱਧੀ ਦੀ ਆਮਦ ਤੇ ਓਸਦੇ ਪੈਣ ਵਾਲੇ ਪ੍ਰਭਾਵਾਂ ਦੀ ਚਰਚਾ ਕੀਤੀ। ਸਵਰਨਜੀਤ ਸਵੀ ਨੇ ਆਪਣੀਆਂ ਕਵਿਤਾਵਾਂ ਨਾਲ ਮਾਹੌਲ ਨੂੰ ਚਾਰ-ਚੰਨ ਲਾਏ।

ਪਹਿਲੇ ਦਿਨ ਦੇ ਦੂਜੇ ਸ਼ੈਸ਼ਨ ਯੁਵਾ ਗਲਪਕਾਰੀ ਵਿੱਚ ਸਿਮਰਨ ਧਾਲੀਵਾਲ, ਜਸਵਿੰਦਰ ਧਰਮਕੋਟ, ਕਮਲ ਸੋਖੋਂ, ਪ੍ਰੀਤ ਕੈਂਥ ਅਤੇ ਕੁਲਵਿੰਦਰ ਕੌਸ਼ਲ ਨੇ ਆਪਣੇ ਵਿਚਾਰ ਪੇਸ਼ ਕੀਤੇ ਇਸ ਸ਼ੈਸ਼ਨ ਦੀ ਪ੍ਰਧਾਨਗੀ ਪ੍ਰਸਿੱਧ ਕਹਾਣੀਕਾਰ ਦਰਸ਼ਨ ਜੋਗਾ ਨੇ ਕੀਤੀ ਤੇ ਬਤੌਰ ਟਿੱਪਣੀਕਾਰ ਕਹਾਣੀਕਾਰ ਜਸਪਾਲ ਮਾਨਖੇੜਾ ਸ਼ਾਮਲ ਹੋਏ।ਤੀਜੇ ਸ਼ੈਸ਼ਨ ਯੁਵਾ ਸਮੀਖਿਆ ਦਾ ਸੰਚਾਲਨ ਡਾ.ਹਰਵਿੰਦਰ ਸਿੰਘ ਨੇ ਕੀਤਾ ਅਤੇ ਵਿਚਾਰ-ਚਰਚਾ ਵਿੱਚ ਡਾ, ਬੀਰਬਲ ਸਿੰਘ, ਡਾ.ਅਮਰਜੀਤ ਸਿੰਘ ਤੇ ਡਾ. ਦਵਿੰਦਰ ਬੋਹਾ ਨੇ ਭਾਗ ਲਿਆ, ਇਸ ਸ਼ੈਸ਼ਨ ਦੀ ਪ੍ਰਧਾਨਗੀ ਪ੍ਰਸਿੱਧ ਆਲੋਚਕ ਤੇ ਲੇਖਕ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ।ਡਾ.ਸਿਰਸਾ ਨੇ ਆਪਣੇ ਜਾਦੂਈ ਸ਼ਬਦਾਂ ਨਾਲ ਸਰੋਤਿਆਂ ਨੂੰ ਕੀਲ ਲਿਆ ਤੇ ਆਪਣੇ ਮਨਮੋਹਕ ਅੰਦਾਜ਼ ਵਿੱਚ ਅਜੋਕੇ ਸਮੇਂ ਵਿੱਚ ਲੇਖਕ ਤੇ ਆਲੋਚਕ ਦੇ ਰਿਸ਼ਤੇ ਨੂੰ ਬਿਆਨ ਕਰਦਿਆਂ, ਆਲੋਚਨਾ ਦੇ ਮਹੱਤਵ ਬਾਰੇ ਵਿਸਥਾਰ ਸਹਿਤ ਸਮਝਾਇਆ।ਚੌਥੇ ਸ਼ੈਸ਼ਨ ਯੁਵਾ ਨਾਟਕ, ਰੰਗ-ਮੰਚ ਤੇ ਸਿਨੇਮਾ ਵਿੱਚ ਡਾ.ਕੁਲਦੀਪ ਸਿੰਘ ਦੀਪ ਨੇ ਸੰਚਾਲਕ ਵਜੋਂ ਭੂਮਿਕਾ ਨਿਭਾਈ।ਇਸ ਸ਼ੈਸ਼ਨ ਦੀ ਪ੍ਰਧਾਨਗੀ ਉੱਘੇ ਵਿਦਵਾਨ ਤੇ ਨਾਟਕਕਾਰ, ਡਾ.ਸਤੀਸ਼ ਕੁਮਾਰ ਵਰਮਾ ਦੁਆਰਾ ਕੀਤੀ ਗਈ ਤੇ ਟਿੱਪਣੀਕਾਰ ਵਜੋਂ ਰਾਜੀਵ ਸ਼ਰਮਾ ਸ਼ਾਮਲ ਹੋਏ।ਡਾ.ਜਗਦੀਪ ਸੰਧੂ, ਡਾ.ਕੁਲਵੀਰ ਮਲਿਕ ਅਤੇ ਡਾ.ਗੁਰਜੀਤ ਕੌਰ ਨੇ ਵਿਚਾਰ ਵਟਾਂਦਰੇ ਵਿੱਚ ਭਾਗ ਲਿਆ।

'ਸੁਣ ਸਖੀਏ' 'ਤੇ ਵਿਚਾਰ-ਚਰਚਾ

ਚੰਡੀਗੜ੍ਹ : ਸਾਹਿਤ ਚਿੰਤਨ ਚੰਡੀਗੜ੍ਹ ਦੀ ਅਪਰੈਲ ਮਹੀਨੇ ਦੀ ਮਾਸਿਕ ਇਕੱਤਰਤਾ ਬਾਬਾ ਭਾਗ ਸਿੰਘ ਸੱਜਨ ਯਾਦਗਾਰ ਭਵਨ, ਚੰਡੀਗੜ੍ਹ ਵਿਖੇ ਪ੍ਰੋ. ਅਮੀਰ ਸੁਲਤਾਨਾ ਦੀ ਪ੍ਰਧਾਨਗੀ ਹੇਠ ਹੋਈ। ਨਾਈਜੀਰੀਅਨ ਲੇਖਿਕਾ ਚਿਮਾਮਾਂਡਾ ਸ਼ੋਜੀ ਅਡੀਚੇ ਦੀ ਪੁਸਤਕ 'ਸੁਣ ਸਖੀਏ' ਜਿਸ

ਦਾ ਪੰਜਾਬੀ ਅਨੁਵਾਦ ਮਿਸ ਜਸ਼ਨਪ੍ਰੀਤ ਕੌਰ ਨੇ ਕੀਤਾ ਹੈ, ਬਾਰੇ ਬੋਲਦਿਆਂ ਗੁਰਚਰਨ ਸਿਧਾਣੀ ਨੇ ਕਿਹਾ ਕਿ ਅਡੀਚੇ ਦੀਆਂ ਲਿਖਤਾਂ ਤੀਹ ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ। ਦੁਨੀਆ ਭਰ ਦੇ ਵੱਕਾਰੀ ਸਨਮਾਨ ਉਸ ਨੂੰ ਮਿਲ ਚੁੱਕੇ ਹਨ। ਇਹ ਨਾਰੀਵਾਦੀ ਸਰੋਕਾਰਾਂ ਦੀ ਪੁਸਤਕ ਹੈ। ਸਾਡਾ ਸਾਹਿਤ ਤੇ ਸਮਾਜ ਪਿੱਤਰਕੀ ਸੱਤਾ, ਜਗੀਰੂ ਕਦਰਾਂ-ਕੀਮਤਾਂ, ਜਾਤੀਵਾਦੀ ਵਿਤਕਰੇ ਤੇ ਲਿੰਗਕ ਪਛਾਣਾਂ ਨਾਲ ਭਰਿਆ ਪਿਆ ਹੈ। ਇਹ ਵਿਚਾਰਧਾਰਕ ਪੈਂਤੜੇ ਦੀ ਕਿਤਾਬ ਹੈ। ਇਹ ਔਰਤ-ਮਰਦ ਵਿੱਚ ਨਾਬਰਾਬਰੀ ਨੂੰ ਮੇਟਣ ਵਾਲਾ ਪ੍ਰੋਜੈਕਟ ਹੈ। ਅਨੁਵਾਦਿਕਾ ਨੇ ਸਿਧਾਂਤਕ ਧਰਾਤਲ ਨੂੰ ਆਤਮਸਾਤ ਕੀਤਾ

14-April-Sunday.qxd 4/13/2024 8:56 PM Page 3

ਮਲਵਿੰਦਰ ਦੀਆਂ ਨਿੱਕੀਆਂ ਕਵਿਤਾਵਾਂ

ਸਾਨੂੰ ਚੰਗੇ ਨਹੀਂ ਲੱਗਦੇ
ਨਸਲਵਾਦ ਫੈਲਾਉਂਦੇ
ਜਾਤੀਵਾਦ ਭੜਕਾਉਂਦੇ
ਔਰਤਾਂ ਦੇ ਖ਼ਿਲਾਫ਼ ਭੁਗਤਦੇ
ਤੇ ਅਮਾਨਵੀ ਕਾਰਜਾਂ 'ਚ ਰੁੱਝੇ
ਲੋਕ ਗੋਰੇ, ਭੂਰੇ, ਕਾਲ਼ੇ ਸਾਰੇ
ਪਰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ
ਜੀਵ ਜੋ ਨਫ਼ਰਤ ਉੱਤੇ ਪਲ਼ਦੇ

=

ਸਾਡੇ ਤੰਤਰ ਵਿਚ
ਸਭ ਤੋਂ ਵੱਡਾ ਖ਼ਤਰਾ ਹਨ
ਸ਼ਰਧਾ ਵਿਚ ਗੜੁੱਚ
ਅੰਨ੍ਹਾ ਵਿਸ਼ਵਾਸ ਕਰਦੇ ਸੁਜਾਖੇ ਲੋਕ
ਉਨ੍ਹਾਂ ਸੁਜਾਖਿਆਂ ਕੋਲ਼
ਸਾਨੂੰ ਤਬਾਹ ਕਰ ਹੱਸਣ ਦੀਆਂ
ਹਿੰਸਕ ਕੁੰਜੀਆਂ ਹਨ

=

ਸਾਨੂੰ ਲੋੜ ਹੈ ਉਹਨਾਂ ਦੀ
ਜੋ ਸਾਡੀਆਂ ਸਿਰਜੀਆਂ ਰਾਹਾਂ ਨੂੰ
ਰੋਸ਼ਨੀ ਨਾਲ਼ ਭਰ ਦੇਣ
'ਨ੍ਹੇਰ ਵੰਡਦੀ ਭੀੜ ਦੀ ਨਹੀਂ

=

ਅਸੀਂ ਘਰਾਂ ਵਿਚ ਰਹਿਣਾ ਚਾਹੁੰਦੇ ਹਾਂ
ਘਰ ਸਾਡੀ ਸਾਂਝੀ ਸੱਭਿਅਤਾ
ਸਾਡੀ ਅਪਣੱਤ, ਪਿਆਰ, ਸਨੇਹ ਸਾਡਾ
ਜਿੱਥੇ ਦਿਲ ਦੀ ਮਰਜ਼ੀ ਧੜਕੇ
ਸਾਹਾਂ 'ਚ ਸੌਖ ਵਗੇ
ਅਸੀਂ ਉਸ ਘਰ 'ਚ ਰਹਿਣਾ ਚਾਹੁੰਦੇ ਹਾਂ
ਪਰ ਤੇਰੀ ਨਫ਼ਰਤ ਨੇ
ਸਾਨੂੰ ਬੇਘਰ ਕਰ ਦਿੱਤਾ ਹੈ

=

ਵਿਰੋਧ ਸਿਰਜਦੇ ਰਿਸ਼ਤੇ ਵਿਚ
ਅਸੀਂ ਸੱਚ ਬੋਲਦਾ ਆਇਨਾ ਸਾਂ
ਸ਼ਹਿਰ ਦੇ ਸਾਰੇ ਸ਼ੀਸ਼ੇ
ਤੂੰ ਜੇਲ੍ਹ ਅੰਦਰ ਡੱਕ ਦਿੱਤੇ
ਕਿਉਂਕਿ ਸ਼ੀਸ਼ਿਆਂ ਵਿਚ ਜੋ ਤੂੰ ਤੱਕਿਆ
ਤੇਰੀ ਨੀਤੀ ਦਾ ਹਾਣ ਨਹੀਂ ਸੀ

=

ਤੇਰੇ ਝੂਠ ਦੀ ਲਾਟ ਮੱਧਮ ਪੈ ਰਹੀ
ਤੇਰੇ ਧੋਖੇ ਦੇ ਪੈਰਾਂ 'ਚ
ਮਧੋਲਿਆ ਦੇਸ਼ ਉੱਠ ਖੜਾ ਹੈ
ਤੇਰੇ ਭਰੋਸਿਆਂ ਦੀ ਹਿੰਸਾ ਨੇ
ਸਾਡੇ ਅੰਦਰ ਵਿਸ਼ਵਾਸ ਭਰਿਆ ਹੈ
ਸੜਕਾਂ 'ਤੇ ਤੁਰਦੇ ਹਜੂਮ ਦੇ ਹੱਥਾਂ 'ਚ
ਆਸ ਦਾ ਪਰਚਮ ਲਹਿਰਾ ਰਿਹਾ ਹੈ

=

ਅਸੀਂ ਭੁੱਲ ਜਾਣਾ ਚਾਹਾਂਗੇ
ਤੇਰੇ ਹੰਕਾਰ ਨਾਲ਼ ਜੁੜੀਆਂ
ਉਹ ਸਾਰੀਆਂ ਤਲਖ਼ ਯਾਦਾਂ
ਚੀਖ਼ਾਂ ਦੇ ਦਰਦ ਨਾਲ਼ ਭਰੀਆਂ
ਜਿਸ ਦੇ ਚੇਤੇ ਹਿਰਦੇ ਸਾਡੇ
ਜ਼ਹਿਰ ਨਾਲ਼ ਭਰ ਦਿੰਦੇ ਹਨ

=

ਯਕੀਨ ਕਰ
ਤੇਰੇ ਦਿੱਤੇ ਦੁੱਖ ਨੇ ਸਾਨੂੰ ਬਣਾਇਆ
ਸਿਆਣੇ, ਤਾਕਤਵਰ
ਤੇ ਜਾਂਬਾਜ਼ ਲੜਾਕੂ
ਸੁਣ ਹੰਕਾਰੀ ਹਾਕਮ

=

ਸਾਡੇ ਸ਼ਬਦਾਂ ਦਾ ਅਪਮਾਨ ਕਰਕੇ
ਤੂੰ ਵੇਦਾਂ, ਸ਼ਾਸ਼ਤਰਾਂ, ਬਾਣੀਆਂ ਦਾ
ਰਾਜਨੀਤਕ ਅਪਮਾਨ ਕੀਤਾ
ਅਸੀਂ ਸਾਰੇ ਨਿੱਕੇ-ਵੱਡੇ ਕਲਾ ਨਾਲ਼ ਜੁੜੇ
ਕੁਝ ਵੀ ਨਹੀਂ ਕਰਾਂਗੇ ਪਰ
ਤੂੰ ਸਾਡੀ ਕਵਿਤਾ 'ਚ ਫੜਫੜਾਏਂਗਾ

=

ਅਸੀਂ ਖੁਸ਼ੀ ਦੀ ਪ੍ਰਵਾਹ ਕਰਦੇ ਹਾਂ
ਅਵਾਮ ਦੀ ਖੁਸ਼ੀ
ਉਸ ਨਫ਼ਰਤ ਦੀ ਨਹੀਂ
ਜੋ ਤੂੰ ਸਾਨੂੰ ਸਿਖਾਈ ਹੈ
ਤੇਰੇ ਖ਼ਤਰਨਾਕ ਇਰਾਦਿਆਂ ਵਿਚਕਾਰ
ਇਹ ਸਾਡੀ ਮਰਜ਼ੀ ਹੈ

=

ਤੇਰੇ ਇਰਾਦਿਆਂ ਦੀ ਕਤਲਗਾਹ 'ਚ
ਤਖ਼ਤ ਦੇ ਪਾਵੇ ਟਹਿਲਦੇ ਹਨ
ਸਾਡੀ ਚੁੱਪ 'ਚ ਮਹਿਕਦੇ ਹਨ
ਆਸ ਨਾਲ਼ ਭਰੇ ਭਵਿੱਖ ਦੇ ਰੌਸ਼ਨ ਦਿਨ

ਸਾਡੇ ਸੁਪਨਿਆਂ ਦਾ ਬਚਪਨ
ਜਵਾਨ ਹੋਣ ਤੋਂ ਪਹਿਲਾਂ
ਬਿਰਧ ਹੋ ਗਿਆ ਹੈ
ਕੀ ਸਾਡੀਆਂ ਯਾਦਾਂ
ਨਰਕ ਨਾਲ਼ ਭਰੀਆਂ ਰਹਿਣਗੀਆਂ

ਬਜ਼ਾਰ ਤੋਂ ਮੁੜਦਿਆਂ
ਝੋਲ਼ੇ ਵਿਚ ਖ਼ੁਸ਼ੀਆਂ ਨਹੀਂ ਹਨ
ਤ੍ਰਾਹ ਕੱਢਦੀਆਂ ਕੁਝ ਖ਼ਬਰਾਂ ਹਨ
ਬਦਲ ਰਹੇ ਤੰਤਰ ਦੇ ਡਰ ਹਨ
ਨੱਕ ਨਫ਼ਰਤ ਦੀ ਸੜਾਂਦ ਨਾਲ਼ ਭਰੇ ਹੋਏ
ਤੇ ਸਾਡੇ ਖ਼ਾਲੀ ਬੋਝਿਆਂ ਦੇ ਫ਼ਿਕਰ
ਤੇਰੀ ਸਲਤਨਤ ਦੀਆਂ ਪ੍ਰਾਪਤੀਆਂ ਹਨ

=

ਚੁੱਪ ਦਾ ਵੀ ਘਰ ਹੁੰਦਾ ਹੈ
ਘਰ ਅੰਦਰਲੇ ਖ਼ਲਾਅ ਨੂੰ
ਹੋਰ ਖ਼ਲਾਅ ਨਾਲ਼ ਭਰਦੇ ਲੋਕ
ਨਹੀਂ ਭਰ ਸਕਣਗੇ
ਸਾਡੇ ਅੰਦਰ ਦਾ ਖ਼ਲਾਅ
ਕਿਉਂਕਿ ਉਹਨਾਂ ਦੇ ਰੌਲ਼ੇ ਦਾ
ਕੋਈ ਘਰ ਨਹੀਂ ਹੈ

=

ਇਕੱਲਤਾ ਹੰਢਾਉਂਦੇ ਲੋਕਾਂ 'ਚ
ਕਵੀ ਦੀ ਇਕੱਲਤਾ
ਜਸ਼ਨ ਮਨਾਉਂਦੀ ਹੈ
ਕਵਿਤਾ ਦੇ ਸੰਘਰਸ਼ ਦਾ ਜਸ਼ਨ

=

ਜਦ ਘਰਾਂ ਦੀ ਗੱਲ ਕਰਾਂਗੇ
ਗੱਲ ਦੂਰ ਤੱਕ ਜਾਏਗੀ
ਦੂਰ ਗਈ ਗੱਲ
ਕਵਿਤਾ ਬਣ ਪਰਤੇਗੀ
ਕਵਿਤਾ ਦਾ ਕੋਈ ਘਰ ਨਹੀਂ ਹੁੰਦਾ
ਕਵਿਤਾ ਬੇਘਰ ਹੁੰਦੀ ਹੈ

=

ਲੋਕ ਸਦਮੇ ਵਿਚ ਹਨ
ਜੇਲ੍ਹ ਦੀਆਂ ਸਲਾਖਾਂ ਹੈਰਾਨ
ਸੜਕਾਂ 'ਤੇ ਤੁਰਦਾ ਵਿਰੋਧ
ਮਸਲ ਦਿੱਤਾ ਜਾਵੇਗਾ
ਸੱਤਾ ਨਵਿਆਉਣ ਦੇ
ਦਿਨ ਆ ਗਏ ਹਨ

=

ਕੁਝ ਕਵਿਤਾ ਲਿਖਦੇ ਰਹੇ
ਕੁਝ ਕਵਿਤਾ ਪ੍ਰਚਾਰਦੇ ਰਹੇ

ਪ੍ਰਚਾਰ ਦਾ ਬੋਲਬਾਲਾ ਸੀ
ਕਵਿਤਾ ਦੀ ਉਮਰ ਸੀ

=

ਜਦ ਨਫ਼ਰਤ ਨਾਲ਼ ਭਰੇ ਹੋਈਏ
ਕਵਿਤਾ ਨਾ ਸੋਚੀਏ
ਨਫ਼ਰਤ ਤੋਂ ਪਾਸਾ ਵੱਟ
ਸੁਖਦ ਛਿਣਾਂ 'ਚ ਸਿਰਜਿਆ
ਸੁਹਜ ਹੁੰਦੀ ਹੈ ਕਵਿਤਾ

=

ਨਫ਼ਰਤ ਨੂੰ ਪਿਆਰ ਨਾਲ਼ ਟਾਲ਼ ਦੇਈਏ
ਹੱਸ ਕੇ ਗਲ਼ ਲਾਈਏ ਨਰਾਜ਼ਗੀ
ਗੁੱਸੇ ਨੂੰ ਗਹਿਰੀ ਚੁੱਪ ਦੇਈਏ
ਨੁਕਤਾਚੀਨੀ ਨੂੰ ਕਾਵਿਕ ਬੋਲ
ਲਿਫੀਆਂ ਟਾਹਣੀਆਂ
ਸੂਰਜ ਗਲ਼ ਬਾਹਾਂ ਪਾਉਣਗੀਆਂ

=

ਭੇਟ ਹੋਈਆਂ ਕਿਤਾਬਾਂ ਨਾਲ਼ ਤੂਸਿਆ
ਕਵਿਤਾ ਤੋਂ ਸੱਖਣਾ ਘਰ ਮੇਰਾ
ਪ੍ਰਸੰਸਾ ਪੱਤਰਾਂ ਨਾਲ਼ ਭਰਿਆ ਹੈ
ਸਨਮਾਨ ਚਿੰਨ੍ਹ ਬਾਹਰ ਖੜੇ ਹਨ

=

ਬਹਿਸ ਸੁਣਨ ਲਈ ਨਾ ਰੁਕੋ
ਰੁਕਿਆਂ ਦੀ ਧਿਰ ਨਾ ਬਣੋ
ਲੋਕ ਜਦ ਸੜਕਾਂ 'ਤੇ ਨਿਕਲਣ
ਉਹਨਾਂ ਦੇ ਨਾਲ਼ ਤੁਰੋ

=

ਮੈਂ ਕਿਹਾ
ਇਹ ਮੇਰੀ ਬਾਰ੍ਹਵੀਂ ਕਿਤਾਬ ਹੈ
ਕਵਿਤਾ ਕਿਹਾ
ਮਾਂ ਬੋਲੀ ਦੇ ਸਿਰ ਧਰਿਆ
ਇਹ ਤੇਰਾ ਬਾਰ੍ਹਵਾਂ ਬੋਝ ਹੈ

=

ਉਹ ਰਾਹਾਂ 'ਚ ਮਿਲਦੇ
ਸ਼ੁੱਭ ਸਵੇਰ ਕਹਿੰਦੇ
ਰਾਤਾਂ ਸੁਪਨਿਆਂ ਨਾਲ਼ ਭਰ ਜਾਂਦੀਆਂ
ਹੁਸੀਨ ਸੁਪਨਿਆਂ ਨਾਲ਼

ਨਿੱਕੀਆਂ ਗੱਲਾਂ
ਵੱਡੇ ਸੁਪਨੇ ਸਿਰਜਦੀਆਂ

=

ਮੈਂ ਦੀਵਿਆਂ ਦੀ ਗੱਲ ਕੀਤੀ
ਤੇਰੀ ਯਾਦ
ਲਾਟ ਵਾਂਗ ਬਲ਼ ਉੱਠੀ
ਮੈਂ ਕਵਿਤਾ ਦੀ ਗੱਲ ਕੀਤੀ
ਮੇਰੇ ਬਨੇਰੇ 'ਤੇ
ਦੀਵਿਆਂ ਦੀ ਕਤਾਰ ਸਜ ਗਈ

=

ਤੇਰੇ ਇੱਕ ਚੁੰਮਣ ਨੇ
ਯਖ਼ ਰਾਤ ਨੂੰ
ਨਿੱਘ ਨਾਲ਼ ਭਰ ਦਿੱਤਾ
ਠਰੀ ਪੌਣ ਜਿਹੀਏ!
ਉਡੀਕ ਕਰ
ਸਨੋਅ ਤਾਣ ਸੁੱਤੀ
ਠਰੀ ਧਰਤ 'ਚੋਂ
ਚੇਤਿਆਂ ਦੇ ਨਿੱਘੇ ਫੁੱਲ ਖਿੜਨਗੇ

=

ਗੱਲਾਂ ਵਾਂਗ ਗੱਲਾਂ ਕਰਨੀਆਂ
ਤੇ ਚਿਹਰੇ ਦੇ ਹਾਵ-ਭਾਵ
ਲੁਕਾ ਕੇ ਰੱਖਣੇ
ਕਿਸ ਰਿਸ਼ਤੇ ਦੀ ਦੱਸ ਪਾਉਂਦੇ ਹਨ!
ਦੱਸ ਤਾਂ ਸਹੀ

=

ਹਰ ਕਿਤਾਬ ਘਰ
ਇੱਕ ਅਜਾਇਬ ਘਰ ਹੈ
ਸ਼ਬਦਾਂ ਨੂੰ ਸਾਂਭਦਾ
ਸਾਡੀ ਕਲਾ ਨੂੰ ਸੰਭਾਲਦਾ
ਸਾਡੇ ਵਿਚਾਰਾਂ ਨੂੰ ਪ੍ਰਦਰਸ਼ਿਤ ਕਰਦਾ
ਸਾਡੀਆਂ ਸਿਰਜਣਾ ਦਾ ਆਰਾਮ ਘਰ
ਹਰ ਕਿਤਾਬ ਘਰ

=

ਪੁਰਾਣੇ ਹੋ ਗਏ ਚੇਤੇ ਤੇਰੇ
ਪਰ ਵਿਸਰੇ ਨਹੀਂ
ਪਿਛਲੇ ਚਾਰ ਦਹਾਕੇ
ਤੂੰ ਪਤਾ ਨਹੀਂ ਕਿੱਥੇ ਰਹੀ
ਤੇ ਕਿੱਥੇ ਰਿਹਾ ਮੈਂ
ਪਰ ਆਪਾਂ ਦੋਵੇਂ
ਕਵਿਤਾ 'ਚ ਰਹੇ
ਕਵਿਤਾ ਨੇ ਜੀਵਤ ਰੱਖਿਆ ਇੱਕ ਰਿਸ਼ਤਾ

=

ਸਾਰਾ ਦਿਨ ਸਨੋਅ ਡਿਗਦੀ ਰਹੀ
ਸਹਿਜ, ਬਿਨਾਂ ਕੋਈ ਸ਼ੋਰ ਕੀਤਿਆਂ
ਚੁੱਪਚਾਪ ਖੜੇ ਰਹੇ ਬਿਰਖ
ਪੰਛੀ ਵਿਹਲ ਕੱਢਦੇ, ਚੋਗਾ ਚੁਗਦੇ
ਖਿੜਕੀਆਂ ਦੇ ਵੱਡੇ ਸ਼ੀਸ਼ਿਆਂ ਵਿੱਚੋਂ
ਤੱਕਦਾ ਰਿਹਾ ਟੱਬਰ
ਆਨੰਦਤ, ਤਾੜੀਆਂ ਵਜਾਉਂਦਾ

ਜੌਬ ਤੋਂ ਪਰਤੇ ਘਰ ਦੇ ਜੀਅ
ਮੁੜ੍ਹਕੋ-ਮੁੜ੍ਹਕੀ
ਮੁਸੀਬਤ ਬਣੀ ਬਰਫ਼ ਹਟਾ ਰਹੇ

=

ਵੀਕ ਐਂਡ ਹੈ
ਕੱਲ੍ਹ ਘੜੀ ਦੀਆਂ ਸੂਈਆਂ
ਨਹੀਂ ਵੇਖਾਂਗੇ
ਰੱਜ ਕੇ ਸੌਂਵਾਂਗੇ
ਪਰ ਅੱਜ ਹੁਣ ਦੀ ਘੜੀ
ਘਰ ਦੀ ਸੁਆਣੀ ਨੇ
ਪੀਜ਼ਾ ਸੋਚਿਆ, ਵਿਉਂਤਿਆ ਤੇ ਬਣਾਇਆ
ਇਹ ਉਸ ਦੀ ਕਹਾਣੀ ਹੈ
ਪਰ ਕਵਿਤਾ ਦੀ ਕਹਾਣੀ ਇਹ ਕਿ
ਝਿੜਕ ਰਿਹਾ ਹੈ ਪੁਰਸ਼ ਪੀਜ਼ੇ ਨੂੰ
ਵਹਿ ਰਿਹਾ ਹੈ ਚਾਅ ਨੈਣਾਂ ਥੀਂ
ਪੀਜ਼ੇ ਦੇ ਕੋਲ਼ ਖੜੀ ਸੁਆਣੀ ਦਾ

=

ਰਿਸ਼ਤੇ ਉਹ ਨਹੀਂ ਹੁੰਦੇ
ਜੋ ਕਾਗਜ਼ਾਂ 'ਤੇ ਲਿਖੇ ਹੁੰਦੇ
ਇਕੋ ਛੱਤ ਹੇਠ ਹੰਢਾਏ
ਪਲ ਹੁੰਦੇ ਰਿਸ਼ਤੇ

ਜਦ ਰਿਸ਼ਤਿਆਂ ਵਿਚ
ਕਵਿਤਾ ਨਾ ਰਹੇ
ਅਦਾਲਤੀਂ ਭੁਗਤਦੇ ਰਿਸ਼ਤੇ

97795-91344 (ਵਟਸਐਪ)

ਸਫ਼ਾ 1 ਦੀ ਬਾਕੀ

ਖ਼ਾਲਸਾ ਪੰਥ ਦੀ ਸਾਜਨਾ : ਇਨਕਲਾਬੀ ਪਰੰਪਰਾ...

ਜਲ ਦੀ ਸ਼ੀਤਲਤਾ ਹੋਣੀ ਉਚਿਤ ਹੈ। ਖ਼ਾਲਸਾ ਜਲ ਵਾਂਗ ਪਵਿੱਤਰ ਤੇ ਨਿਰਮਲ ਹੋਣਾ ਉਚਿਤ ਹੈ। ਅੰਮ੍ਰਿਤ ਦਾ ਬਾਟਾ ਖੰਡੇ ਦੀ ਹਰਕਤ ਵਿੱਚੋਂ ਉਪਜਿਆ ਹੈ। ਖੰਡਾ ਭਗਤੀ ਤੇ ਸ਼ਕਤੀ ਦਾ ਮੇਲ ਹੈ। ਖ਼ਾਲਸੇ ਨੇ ਭਗਤੀ ਅਤੇ ਸ਼ਕਤੀ ਦੇ ਆਦਰਸ਼ ਨੂੰ ਨਿਭਾਉਣਾ ਹੈ। ਖ਼ਾਲਸਾ ਸਰਬਲੋਹ ਦਾ ਉਪਾਸ਼ਕ ਹੈ, ਕਿਉਂਕਿ ਗੁਰੂ ਗੋਬਿੰਦ ਸਿੰਘ ਦਾ ਪਰਮਾਤਮਾ ਸਰਬਲੋਹ ਦਾ ਹੈ। ਖ਼ਾਲਸੇ ਦੇ ਕੇਸ ਅਤੇ ਦਾੜ੍ਹਾ, ਗ਼ੈਰਤ ਤੇ ਸ਼ਾਨ ਦੇ ਲਖਾਇਕ ਹਨ। ਉਸ ਦੇ ਕੜਾ ਤੇ ਕ੍ਰਿਪਾਨ ਉਸ ਦੇ ਸਰਬ ਲੋਹ ਦੇ ਚਿੰਨ੍ਹ ਹਨ।"

ਖ਼ਾਲਸਾ ਪੰਥ ਦੀ ਸਮਾਜਕ ਦੇਣ ਬਾਰੇ ਪ੍ਰਿੰ. ਸੁਰਜੀਤ ਸਿੰਘ ਲੁਧਿਆਣਾ ਦੀ ਟਿੱਪਣੀ ਬੜੀ ਸਾਰਥਕ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਦੇ ਜ਼ਮਾਨੇ ਵਿਚ ਜਦੋਂ ਮੁਸਲਮਾਨ ਹਾਕਮ ਟੋਲਾ ਆਪਣੇ ਰਾਜ ਅਭਿਮਾਨ ਵਿਚ ਤੇ ਦੂਸਰੇ ਪਾਸੇ ਉਚੇਰੀਆਂ ਜਾਤਾਂ ਵਾਲੇ ਖ਼ਾਸ ਕਰਕੇ ਬ੍ਰਾਹਮਣ ਆਪਣੇ ਜਾਤ ਅਭਿਮਾਨ ਵਿਚ ਲੋਕਾਂ ਨੂੰ ਲਤਾੜਨ ਲੱਗੇ ਹੋਏ ਸਨ। ਸਿੱਖ ਗੁਰੂ ਸਾਹਿਬਾਨ ਇਸ ਤੌਰ ਤਰੀਕੇ ਦੇ ਖ਼ਿਲਾਫ਼ ਜੂਝਦੇ ਰਹੇ। ਉਨ੍ਹਾਂ ਵੱਲੋਂ ਕੀਤੀ ਗਈ ਸਮਾਜ ਉਸਾਰੀ ਤੇ ਜੁਝਾਰੂ ਇਨਕਲਾਬ ਦਾ ਆਧਾਰ ਹੀ ਮਨੁੱਖ ਦਾ ਮਨੁੱਖ ਉਤੇ ਰੋਅਬ ਖ਼ਤਮ ਕਰਕੇ ਇਕਸਾਰ ਭਰੱਪਣ ਬਣਾਣਾ ਸੀ। ਆਪ ਨੇ 'ਸਰਦਾਰ' ਸ਼ਬਦ ਨੂੰ ਦੂਸਰਿਆਂ ਉਤੇ ਸ੍ਰੇਸ਼ਟਤਾ ਅਤੇ ਭਰਤਰੀ ਦਾ ਲਖਾਇਕ ਮੰਨਦਿਆਂ ਇਸ ਨੂੰ ਉਸ ਵੇਲੇ ਦੀ ਮੁਗ਼ਲ ਪ੍ਰਬੰਧ ਦੀ ਮਨਸਬਦਾਰੀ ਤੇ ਜਾਗੀਰਦਾਰੀ ਦਾ ਲਖਾਇਕ ਹੋਣ ਕਾਰਨ ਇਸ ਤੋਂ ਸੁਚੇਤ ਹੋਣ ਦਾ ਅਹਿਸਾਸ ਕਰਵਾਇਆ। ਆਪ ਨੇ ਇਸ ਨੂੰ ਗੁਰਮਤਿ ਸਿਧਾਂਤ ਅਨੁਕੂਲ ਨਾ ਮੰਨਦਿਆਂ (ਕਿਉਂਕਿ ਇਹ ਸਭ ਦੀ ਬਰਾਬਰੀ ਦੇ ਉਲਟ ਹੈ)

ਉਪਰੋਕਤ ਸਮੁੱਚੇ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਵੇਖਿਆਂ ਗੁਰੂ ਸਾਹਿਬ ਵੱਲੋਂ ਸਾਜੇ ਗਏ ਖ਼ਾਲਸਾ ਪੰਥ ਨੂੰ ਅਸੀਂ ਉਸ ਵੇਲੇ ਦੀ ਧਾਰਮਿਕ, ਸਮਾਜਿਕ, ਰਾਜਨੀਤਕ, ਆਰਥਿਕ ਸਥਿਤੀ ਵਿਚ ਲਿਆਂਦੇ ਅਦੁੱਤੀ ਇਨਕਲਾਬ ਦਾ ਨਾਂਅ ਦੇ ਸਕਦੇ ਹਾਂ। ਇਸ ਇਨਕਲਾਬ ਦੇ ਵਿਲੱਖਣ ਪਹਿਲੂ ਇਸ ਪ੍ਰਕਾਰ ਵਿਚਾਰੇ ਜਾ ਸਕਦੇ ਹਨ।

ਖ਼ਾਲਸਾ ਪੰਥ ਦੀ ਸਾਜਨਾ ਨਾਲ ਗੁਰੂ ਸਾਹਿਬ ਨੇ ਧਰਮ ਅਤੇ ਰਾਜਨੀਤੀ ਨੂੰ ਜੋੜਦਿਆਂ 'ਸੰਤ-ਸਿਪਾਹੀਆਂ' ਦੀ ਇਕ ਸਿਰਲੱਥ ਕੌਮ ਦਾ ਨਿਰਮਾਣ ਕੀਤਾ, ਕਿਉਂਕਿ ਗੁਰੂ ਸਾਹਿਬ ਲਈ ਗੁਰੂ ਹਰਗੋਬਿੰਦ ਸਾਹਿਬ ਮਾਰਾਜ ਵੱਲੋਂ 'ਅਕਾਲ ਤਖ਼ਤ' ਸਾਹਿਬ ਦੀ ਸਥਾਪਨਾ ਅਤੇ 'ਮੀਰੀ ਪੀਰੀ' ਦਾ ਸਿਧਾਂਤ ਪਹਿਲਾਂ ਹੀ ਇਤਿਹਾਸ ਵਿਚ ਇਕ ਮਿਸ਼ਨ ਵਜੋਂ ਨਿਰਧਾਰਿਤ ਕਰ ਦਿੱਤਾ ਗਿਆ ਸੀ। ਗੁਰੂ ਸਾਹਿਬ ਨਾ ਹੀ ਹਿੰਸਾਵਾਦੀ ਸਨ ਅਤੇ ਨਾ ਹੀ ਅਹਿੰਸਾਵਾਦੀ। ਉਹ ਤਾਂ ਜਦੋਂ ਸਾਰੇ ਹੀਲੇ ਬੰਦ ਹੋ ਜਾਣ, ਫਿਰ ਹੀ ਤਲਵਾਰ ਚੁੱਕਣ ਨੂੰ ਜਾਇਜ਼ ਸਮਝਦੇ ਸਨ।

ਖ਼ਾਲਸਾ ਪੰਥ ਨੂੰ 'ਅਕਾਲ ਪੁਰਖ ਦੀ ਫ਼ੌਜ' ਪ੍ਰਵਾਨ ਕਰਕੇ ਅਤੇ 'ਵਾਹਿਗੁਰੂ ਜੀ ਕਾ ਖ਼ਾਲਸਾ ਅਤੇ ਵਾਹਿਗੁਰੂ ਜੀ ਕੀ ਫ਼ਤਿਹ' ਦਾ ਜੈਕਾਰਾ ਦੇ ਕੇ ਗੁਰੂ ਸਾਹਿਬ ਨੇ ਸਿੱਖ-ਪੰਥ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੇ ਸਵਾਰਥ ਦੇ ਅਧੀਨ ਹੋਣ ਤੋਂ ਸਦਾ ਲਈ ਮੁਕਤ ਕਰ ਦਿੱਤਾ। ਸੋ ਖ਼ਾਲਸੇ ਦਾ ਆਦਰਸ਼ ਰੱਬ ਦਾ ਆਦਰਸ਼ ਬਣ ਗਿਆ। ਇਸੇ ਕਾਰਨ ਗੁਰੂ ਸਾਹਿਬ ਦੀ ਸਾਰੀ ਲੜਾਈ ਕਿਸੇ ਧਾਰਮਿਕ ਫ਼ਿਰਕੇ ਦੇ ਖ਼ਿਲਾਫ਼ ਨਾ ਹੋ ਕੇ ਧਰਮ ਦੇ ਨਾਂਅ 'ਤੇ ਜਾਂ ਹਕੂਮਤ ਦੇ ਨਾਂਅ 'ਤੇ ਦੂਸਰਿਆਂ ਦੀ ਆਜ਼ਾਦੀ ਖੋਹ ਕੇ ਉਨ੍ਹਾਂ ਨੂੰ ਗ਼ੁਲਾਮ ਬਣਾਉਣ ਵਾਲਿਆਂ ਦੇ ਵਿਰੁੱਧ ਸੀ। ਇਸ ਪ੍ਰਸੰਗ ਵਿਚ ਸਿੱਖ ਪੰਥ ਲਈ ਸਦਾ ਸਤਿਕਾਰ ਦੇ ਪਾਤਰ, ਪੀਰ ਬੁੱਧੂ ਸ਼ਾਹ, ਭਾਈ ਨਬੀ ਖਾਂ ਅਤੇ ਭਾਈ ਗ਼ਨੀ ਖਾਂ, ਨਵਾਬ ਸੈਫ਼ਾਬਾਦ, ਰਾਏ ਕੱਲ੍ਹਾ ਅਤੇ ਨਵਾਬ ਮਾਲੇਰਕੋਟਲਾ ਦਾ ਗੁਰੂ ਸਾਹਿਬ ਪ੍ਰਤੀ ਬੇਅੰਤ ਪਿਆਰ ਅਤੇ ਸ਼ਰਧਾ ਗੁਰੂ ਸਾਹਿਬ ਵੱਲੋਂ ਮਨੁੱਖ ਮਾਤਰ ਪ੍ਰਤਿ ਸਰਬ ਸਾਂਝੀਵਾਲਤਾ, ਏਕਤਾ ਅਤੇ ਭਰਾਤਰੀ ਭਾਵ ਵਾਲੀ ਪਹੁੰਚ ਦੇ ਸਭ ਤੋਂ ਵੱਡੇ ਪ੍ਰਮਾਣ ਹਨ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਥਾਪਨਾ ਰਾਹੀਂ ਕਿਸੇ ਇਲਾਕੇ ਉਪਰ ਰਾਜ ਕਰਨ ਦਾ ਪ੍ਰਯੋਜਨ ਨਹੀਂ ਮਿੱਥਿਆ ਸੀ। ਉਨ੍ਹਾਂ ਤਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਧਰਮ ਨੂੰ ਉਬਾਰਨ ਅਤੇ ਦੁਸ਼ਟਾਂ ਨੂੰ ਸੋਧਣ ਦਾ ਲਕਸ਼ ਅੱਗੇ ਰੱਖਿਆ ਸੀ।

ਖ਼ਾਲਸਾ ਪੰਥ ਦੀ ਸਥਾਪਨਾ ਨਾਲ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਸ਼ੂਦਰਾਂ ਨੂੰ ਉੱਚੀਆਂ ਜਾਤਾਂ ਦੇ ਬਰਾਬਰ ਵਿਚਰਣ, ਜਿਉਣ, ਇਕੱਠੇ ਸੰਘਰਸ਼ ਕਰਨ ਅਤੇ ਲੰਗਰ ਵਿਚ ਇਕ ਪੰਗਤ ਵਿਚ ਭੋਜਨ ਸਾਂਝਾ ਕਰਨ ਦਾ ਮਾਣ ਪ੍ਰਾਪਤ ਹੋਇਆ। ਖ਼ਾਲਸਾ ਪੰਥ ਵਿਚ ਸਦੀਆਂ ਤੋਂ ਲਿਤਾੜੇ ਜਾ ਰਹੇ 'ਰੰਘਰੇਟਿਆਂ' ਨੂੰ 'ਗੁਰੂ ਕੇ ਬੇਟਿਆਂ' ਦਾ ਰੁਤਬਾ ਪ੍ਰਾਪਤ ਹੋਇਆ। ਗੁਰੂ ਸਾਹਿਬ ਨੇ ਜਾਤਪਾਤੀ ਵਿਚਾਰਧਾਰਾ, ਧਰਮ ਅਤੇ ਸਮਾਜਿਕ ਰੁਤਬੇ ਅਨੁਸਾਰ ਮਿਲੀ ਊਚ-ਨੀਚ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ। ਹਰ ਪ੍ਰਕਾਰ ਦੇ ਸਮਾਜਿਕ, ਧਾਰਮਿਕ, ਰਾਜਨੀਤਕ ਵਖਰੇਵਿਆਂ ਨੂੰ ਖ਼ਤਮ ਕਰਕੇ, ਇਕ ਸਰਬ ਸਾਂਝੇ ਸਮਾਜ ਦੀ ਨੀਂਹ ਰੱਖੀ ਗਈ। ਗੁਰੂ ਸਾਹਿਬ ਨੇ ਨਾ ਕੇਵਲ ਆਪਣੇ ਪੈਰੋਕਾਰਾਂ ਵਿਚਲੀ ਸਗੋਂ ਗੁਰੂ ਅਤੇ ਚੇਲੇ ਵਿਚਲੀ ਨਾ-ਬਰਾਬਰੀ ਨੂੰ ਵੀ ਸਮਾਪਤ ਕਰਕੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'॥ ਦਾ ਸੰਦੇਸ਼ ਦਿੱਤਾ। ਸੰਸਾਰ ਦੇ ਕਿਸੇ ਵ

14-April-Sunday.qxd 4/13/2024 8:55 PM Page 2

ਹਾਸ਼ੀਆਗਤ ਲੋਕਾਈ ਲਈ ਜੰਗ ਲੜਨ ਵਾਲਾ ਯੋਧਾ : ਡਾ. ਭੀਮ ਰਾਓ ਅੰਬੇਡਕਰ

ਡਾ. ਜਸਵੰਤ ਰਾਏ ਸਾਹਰੀ

ਭਾਰਤ ਵਿੱਚ ਸਦੀਆਂ ਤੋਂ ਲਿਤਾੜੇ ਗਏ ਹਾਸ਼ੀਆਗਤ ਲੋਕਾਂ ਨੂੰ ਸਮਾਨਤਾ ਅਤੇ ਸੁਤੰਤਰਤਾ ਦਾ ਜਾਮਾ ਪਹਿਨਾ ਕੇ ਸਮਾਜਿਕ ਤੌਰ 'ਤੇ ਸੰਪੰਨ ਕਰਨ ਦਾ ਸਿਹਰਾ ਡਾ. ਭੀਮ ਰਾਓ ਅੰਬੇਡਕਰ ਦੇ ਸਿਰ ਬੱਝਦਾ ਹੈ। ਭਾਵੇਂ ਉਹਨਾਂ ਤੋਂ ਪਹਿਲਾਂ ਮਹਾਤਮਾ ਬੁੱਧ, ਲੋਕਾਇਤ, ਸਮੁੱਚੀ ਭਗਤੀ ਲਹਿਰ, ਮਹਾਤਮਾ ਜੋਤੀਬਾ ਰਾਓ ਫੂਲੇ, ਪੰਜਾਬ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਲਹਿਰਾਂ ਨੇ ਇੱਕ ਮੰਚ ਜ਼ਰੂਰ ਤਿਆਰ ਕਰ ਦਿੱਤਾ ਸੀ, ਪਰ ਅਛੂਤਾਂ ਦੇ ਹੱਕਾਂ ਨੂੰ ਅਮਲੀ ਜਾਮਾ ਡਾ. ਭੀਮ ਰਾਓ ਅੰਬੇਡਕਰ ਨੇ ਹੀ ਪਹਿਨਾਇਆ।

ਲੰਬੇ ਸਮੇਂ ਤੋਂ ਜਾਨਵਰਾਂ ਵਰਗੀ ਜ਼ਿੰਦਗੀ ਬਸਰ ਕਰ ਰਹੇ ਅਛੂਤਾਂ ਨੂੰ ਮਨੁੱਖਤਾ ਦੇ ਮਾਰਗ 'ਤੇ ਤੋਰਨ ਦੀ ਪ੍ਰੇਰਨਾ ਬਾਬਾ ਸਾਹਿਬ ਨੂੰ ਆਖ਼ਰ ਕਿਸ ਕੋਲੋਂ ਮਿਲੀ? ਘੋਖਦਿਆਂ-ਪੜਤਾਲਦਿਆਂ ਪਤਾ ਲੱਗਾ ਕਿ ਡਾ. ਅੰਬੇਡਕਰ ਨੂੰ ਦੱਬੇ-ਕੁਚਲੇ ਵਰਗ ਨੂੰ ਉੱਪਰ ਚੁੱਕਣ ਦੀ ਪ੍ਰੇਰਣਾ ਆਪਣੇ ਆਪ ਤੋਂ ਹੀ ਮਿਲੀ। ਉਹਨਾਂ ਦਾ ਆਪਣਾ ਜੀਵਨ ਤੰਗੀਆਂ-ਤੁਰਸ਼ੀਆਂ, ਤਕਲੀਫ਼ਾਂ ਅਤੇ ਪੈਰ-ਪੈਰ 'ਤੇ ਹੁੰਦੇ ਵਿਤਕਰਿਆਂ ਨਾਲ ਵਿੰਨ੍ਹਿਆ ਪਿਆ ਸੀ। ਅੱਗੇ ਜਾ ਕੇ ਥਾਂ-ਥਾਂ 'ਤੇ ਹੁੰਦੇ ਤ੍ਰਿਸਕਾਰ ਨੂੰ ਹੀ ਉਹਨਾਂ ਨੇ ਆਪਣੀ ਢਾਲ਼ ਬਣਾਇਆ।

ਡਾ. ਅੰਬੇਡਕਰ ਦਾ ਜਨਮ 14 ਅਪ੍ਰੈਲ, 1891 ਈਸਵੀ ਨੂੰ ਮੱਧ ਪ੍ਰਦੇਸ਼ ਦੀ ਛਾਉਣੀ ਮਹੂ ਵਿਖੇ ਪਿਤਾ ਸੂਬੇਦਾਰ ਰਾਮ ਜੀ ਅਤੇ ਮਾਤਾ ਭੀਮਾ ਬਾਈ ਦੇ ਘਰ ਚੌਦਵੀਂ ਸੰਤਾਨ ਦੇ ਰੂਪ ਵਿੱਚ ਉਸ ਮਹਾਰ ਜਾਤ ਵਿੱਚ ਹੋਇਆ, ਜਿਸ ਦਾ ਕੰਮ ਪਿੰਡ ਦਾ ਚੌਕੀਦਾਰਾ ਕਰਨਾ, ਪਿੰਡ ਦੀ ਦੀਵਾਰ ਦੀ ਮੁਰੰਮਤ ਕਰਨਾ, ਗਲੀਆਂ ਸਾਫ਼ ਕਰਨਾ, ਮਰੇ ਹੋਏ ਪਸ਼ੂ ਚੁੱਕਣਾ, ਸਿਵਿਆਂ ਵਿੱਚ ਅੱਗ ਦਾ ਪ੍ਰਬੰਧ ਕਰਨਾ, ਵਗਾਰ ਕਰਨਾ ਤੇ ਸੁਨੇਹੇ ਲਿਆਉਣਾ-ਲਿਜਾਉਣਾ ਸੀ। ਪਿੰਡ ਦਾ ਮੰਦਰ, ਖੂਹ ਅਤੇ ਸਕੂਲ ਇਹਨਾਂ ਦੀ ਪਹੁੰਚ ਤੋਂ ਬਹੁਤ ਦੂਰ ਸਨ। ਮਹਾਰ ਜਾਤ ਨੂੰ ਸਵਰਨਾਂ ਤੋਂ ਆਪਣੀ ਪਛਾਣ ਅਲੱਗ ਰੱਖਣ ਲਈ ਹੱਥ ਵਿੱਚ ਸੋਟੀ ਅਤੇ ਮੋਢੇ 'ਤੇ ਕੰਬਲ਼ ਰੱਖਣਾ ਪੈਂਦਾ ਸੀ। ਜਿਹਦੇ ਮੋਢੇ 'ਤੇ ਕੰਬਲ ਅਤੇ ਹੱਥ ਵਿੱਚ ਸੋਟੀ ਹੁੰਦੀ ਸੀ, ਸਵਰਨ ਲੋਕ ਉਸ ਕੋਲ਼ੋਂ ਦੂਰੀ ਬਣਾ ਕੇ ਲੰਘਦੇ ਸਨ। ਸੂਰਜ ਦੇ ਚੜ੍ਹਨ ਅਤੇ ਛਿਪਣ ਸਮੇਂ ਜਦੋਂ ਪਰਛਾਵੇਂ ਲੰਬੇ ਹੁੰਦੇ ਸਨ, ਉਦੋਂ ਤਾਂ ਅਛੂਤਾਂ ਨੂੰ ਤੰਗ ਗਲੀਆਂ ਵਿੱਚੋਂ ਗੁਜ਼ਰਨ ਦੀ ਬਿਲਕੁਲ ਆਗਿਆ ਨਹੀਂ ਸੀ ਹੁੰਦੀ। ਮਤਾਂ ਅਛੂਤ ਦਾ ਪਰਛਾਵਾਂ ਵੀ ਅਖ਼ੌਤੀ ਉੱਚ ਜਾਤ ਨੂੰ ਭਿੱਟ ਨਾ ਦੇਵੇ। ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਕਿਸੇ ਬਾਲ ਨੂੰ ਆਪਣਾ ਬਚਪਨ ਇਹੋ ਜਿਹੇ ਮਾਹੌਲ ਵਿੱਚ ਗੁਜ਼ਰਦਾ ਦੇਖਣ ਨੂੰ ਨਹੀਂ ਮਿਲਿਆ ਹੋਣਾ। ਇੱਥੋਂ ਤੱਕ ਕਿ ਅਮਰੀਕਾ ਵਿੱਚ ਕਾਲ਼ੇ ਲੋਕਾਂ ਨਾਲ ਵੀ ਇੰਜ ਦਾ ਵਿਵਹਾਰ ਨਹੀਂ ਸੀ।

ਡਾ. ਅੰਬੇਡਕਰ ਨੇ ਆਪਣੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਸ਼ਹਿਰ ਵਿੱਚ ਹੀ ਗੁਜ਼ਾਰਿਆ। ਇਸ ਦਾ ਕਾਰਨ ਬਾਬਾ ਸਾਹਿਬ ਦੇ ਪਰਵਾਰ ਦਾ ਫੌਜੀ ਪਰਵਾਰ ਹੋਣਾ ਸੀ। ਉਹਨਾਂ ਦੇ ਪਿਤਾ ਫੌਜ ਵਿੱਚ ਸੂਬੇਦਾਰ ਸਨ। ਦਾਦਾ ਮਾਲੋ ਜੀ ਸਕਪਾਲ ਵੀ ਫੌਜ ਦੀ ਨੌਕਰੀ ਤੋਂ ਸੇਵਾ-ਮੁਕਤ ਹੋਏ ਸਨ। ਮਾਤਾ ਭੀਮਾ ਬਾਈ ਦੇ ਪਿਤਾ ਜੀ ਅਤੇ ਉਸ ਦੇ ਛੇ ਚਾਚਾ ਜੀ ਵੀ ਫੌਜ ਵਿੱਚ ਸੂਬੇਦਾਰ ਮੇਜਰ ਰਹੇ ਸਨ। ਬਾਬਾ ਸਾਹਿਬ ਨੂੰ ਦਲਿਤ ਅੰਦੋਲਨ ਦੀ ਗੁੜ੍ਹਤੀ ਆਪਣੇ ਘਰ ਵਿੱਚੋਂ ਹੀ ਮਿਲੀ। ਉਹਨਾਂ ਦੇ ਪਿਤਾ ਸੂਬੇਦਾਰ ਰਾਮ ਜੀ ਸਮਾਜ ਸੁਧਾਰ ਅਭਿਆਨ ਵਿੱਚ ਡੂੰਘੀ ਰੁਚੀ ਰੱਖਦੇ ਸਨ। ਇਸ ਦੇ ਸਬੂਤ ਵਜੋਂ ਬਾਬਾ ਸਾਹਿਬ ਨੂੰ ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਕਾਗਜ਼ਾਂ ਦੀ ਫਰੋਲਾ-ਫਰੋਲੀ ਕਰਦਿਆਂ 1892 ਈਸਵੀ ਵਿੱਚ ਅਛੂਤਾਂ ਦੀ ਫੌਜ ਵਿੱਚ ਭਰਤੀ ਬੰਦ ਹੋਣ 'ਤੇ ਪਿਤਾ ਜੀ ਦੁਆਰਾ ਗਵਰਨਰ ਨੂੰ ਦਿੱਤੇ ਮੈਮੋਰੰਡਮ ਦੀ ਨਕਲ ਕਾਗਜ਼ਾਂ ਵਿੱਚੋਂ ਲੱਭੀ।

ਡਾ. ਅੰਬੇਡਕਰ ਨੇ ਮੁਢਲੀ ਵਿੱਦਿਆ ਕੈਂਪ ਸਕੂਲ ਸਿਤਾਰਾ ਵਿਖੇ ਹੀ ਪ੍ਰਾਪਤ ਕੀਤੀ। ਸੂਬੇਦਾਰ ਰਾਮ ਜੀ ਦੇ ਨੌਕਰੀ ਤੋਂ ਸਿਤਾਰਾ ਪਹੁੰਚਣ ਤੱਕ ਚੌਦਾਂ ਬੱਚਿਆਂ ਵਿੱਚੋਂ ਕੇਵਲ ਪੰਜ ਹੀ ਜੀਵਿਤ ਬਚੇ ਸਨ। ਜਿਨ੍ਹਾਂ ਵਿੱਚੋਂ ਬਲਰਾਮ, ਮੰਜੂਲਾ ਅਤੇ ਤੁਲਸੀ ਦੀ ਸ਼ਾਦੀ ਹੋ ਚੁੱਕੀ ਸੀ। ਘਰ ਵਿੱਚ ਸਿਰਫ਼ ਭੀਮ ਰਾਓ ਅਤੇ ਆਨੰਦ ਰਾਓ ਹੀ ਸਨ। ਇਸੇ ਸਮੇਂ ਦੌਰਾਨ ਉਹਨਾਂ ਦੀ ਮਾਤਾ ਭੀਮਾ ਬਾਈ ਦਾ ਵੀ ਦੇਹਾਂਤ ਹੋ ਗਿਆ। ਭੀਮ ਰਾਓ ਨੂੰ ਮਾਤਾ ਨਾਲ ਡਾਢਾ ਪਿਆਰ ਹੋਣ ਕਰਕੇ ਇਸ ਗੱਲ ਦਾ ਬੜਾ ਸਦਮਾ ਲੱਗਾ। ਭੀਮਾ ਬਾਈ ਦੀ ਮੌਤ ਤੋਂ ਬਾਅਦ ਬੱਚਿਆਂ ਦੀ ਦੇਖਭਾਲ ਭੀਮ ਰਾਓ ਦੀ ਭੂਆ ਮੀਰਾ ਬਾਈ ਹੀ ਕਰਿਆ ਕਰਦੇ ਸਨ, ਜੋ ਉਹਨਾਂ ਦੇ ਪਿਤਾ ਤੋਂ ਵੱਡੇ ਸਨ ਅਤੇ ਇੱਕ ਲੱਤ ਤੋਂ ਥੋੜ੍ਹਾ ਜਿਹਾ ਆਹਰੇ ਸਨ। ਮੰਜੂਲਾ ਤੇ ਤੁਲਸੀ ਵਿਆਹੀਆਂ ਭੈਣਾਂ ਵੀ ਵਾਰੋ-ਵਾਰੀ ਆ ਕੇ ਭੀਮ ਰਾਓ ਤੇ ਆਨੰਦ ਰਾਓ ਦੀ ਦੇਖਭਾਲ ਕਰਦੀਆਂ।

ਬਾਬਾ ਸਾਹਿਬ ਨੂੰ ਪਹਿਲ਼ੀ ਵਾਰ ਛੂਆਛਾਤ ਦਾ ਅਨੁਭਵ ਉਦੋਂ ਹੋਇਆ, ਜਦੋਂ ਇੱਕ ਨਾਈ ਨੇ ਉਹਨਾਂ ਦੇ ਵਾਲ਼ ਕੱਟਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੂੰ ਸਕੂਲ ਵਿੱਚ ਦੂਸਰੇ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ, ਉਹ ਵੀ ਘਰੋਂ ਲਿਆਂਦੇ ਆਪਣੇ ਟਾਟ 'ਤੇ। ਸਕੂਲ ਦੇ ਪਿਆਓ ਤੋਂ ਪਾਣੀ ਪੀਣ ਦੀ ਮਨਾਹੀ ਸੀ। ਇੱਕ ਵਾਰ ਆਮ ਪਿਆਓ ਤੋਂ ਖ਼ੁਦ ਪਾਣੀ ਪੀ ਲੈਣ ਕਰਕੇ ਉਹਨਾਂ ਨੂੰ ਬਹੁਤ ਕੁੱਟ ਪਈ ਸੀ। ਇਨ੍ਹਾਂ ਦਿਨਾਂ ਵਿੱਚ ਹੀ ਸਕੂਲ ਵਿੱਚ ਆਏ ਇੱਕ ਇੰਸਪੈਕਟਰ ਨੇ ਬੱਚਿਆਂ ਦੀ ਬੁੱਧੀ ਦੀ ਪਰਖ਼ ਕਰਨ ਲਈ ਪ੍ਰਸ਼ਨ ਪੁੱਛਿਆ, "ਕਿਸੇ ਅਜਿਹੀ ਚੀਜ਼ ਦਾ ਨਾਂਅ ਦੱਸੋ, ਜਿਹੜੀ ਸਾਨੂੰ ਦਿਖਾਈ ਤਾਂ ਦੇ ਦਿੰਦੀ ਹੈ, ਪਰ ਸਾਡੀ ਪਹੁੰਚ ਤੋਂ ਬਾਹਰ ਹੈ?" ਜਮਾਤ ਦੇ ਅੰਦਰ ਬੈਠੇ ਵਿਦਿਆਰਥੀਆਂ ਦਾ ਇਹ ਸਵਾਲ ਸੁਣ ਕੇ ਸਿੱਟੀ-ਪਿੱਟੀ ਗੁੰਮ ਹੋ ਗਈ ਤੇ ਧੌਣਾਂ ਦਾ ਝੁਕਾਅ ਧਰਤੀ ਵੱਲ ਹੋ ਗਿਆ, ਜਦ ਕਿ ਜਮਾਤ ਦੇ ਬਾਹਰ ਬੈਠੇ ਆਤਮ ਵਿਸ਼ਵਾਸ ਨਾਲ ਭਰੇ ਭੀਮ ਨੇ ਸਵਾਲ ਦਾ ਜਵਾਬ ਦੇਣ ਲਈ ਬਾਂਹ ਉਤਾਂਹ ਚੁੱਕੀ ਹੋਈ ਸੀ। ਸਵਾਲ ਦਾ ਜਵਾਬ ਦੇਣ ਲਈ ਜਦ ਇੰਸਪੈਕਟਰ ਨੇ ਇਸ਼ਾਰਾ ਕੀਤਾ ਤਾਂ ਭੀਮ ਦਾ ਉੱਤਰ-

"ਜੀ ਪਾਣੀ ਵਾਲਾ ਘੜਾ।"

ਸੁਣ ਕੇ ਇੰਸਪੈਕਟਰ ਵੀ ਸੁੰਨ ਹੋ ਗਿਆ। ਅਜੋਕੇ ਦੌਰ ਵਿੱਚ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਦੁਨੀਆ ਦੇ ਛੇਵੇਂ ਦਿਮਾਗ਼ ਕਹੇ ਜਾਂਦੇ ਭੀਮ ਦੀ ਸਕੂਲੀ ਸਿੱਖਿਆ ਦਾ ਆਗਾਜ਼ ਇਹੋ ਜਿਹੇ ਮਾਹੌਲ ਵਿੱਚ ਹੋਇਆ ਹੋਵੇਗਾ।

ਨਾਈ ਤੱਕ ਉਨ੍ਹਾਂ ਦੇ ਸਿਰ ਦੇ ਵਾਲ਼ ਕੱਟਣ ਤੋਂ ਮੁਨਕਰ ਸੀ। ਉਹਨਾਂ ਦੇ ਸਿਰ ਦੇ ਵਾਲ਼ ਉਹਨਾਂ ਦੀਆਂ ਭੈਣਾਂ ਹੀ ਕੱਟਿਆ ਕਰਦੀਆਂ ਸਨ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਉਹਨਾਂ ਦਾ ਹਿਰਦਾ ਵਲੂੰਧਰ ਸੁੱਟਿਆ। ਉਹ ਹੈਰਾਨ ਸਨ ਕਿ ਇਹ ਕਿਹੋ ਜਿਹਾ ਸਮਾਜ ਹੈ ਕਿ ਜਿੱਥੇ ਬੰਦੇ ਦੀ ਪਛਾਣ ਹੀ ਉਸ ਦੀ ਜਾਤ ਹੈ। ਇਸੇ ਸਕੂਲ ਦਾ ਇੱਕ ਸਵਰਨ ਅਧਿਆਪਕ ਜਿਸ ਦਾ ਉਪ ਨਾਮ ਅੰਬੇਡਕਰ ਸੀ ਅਤੇ ਜਿਸ ਨੇ ਭੀਮ ਰਾਓ ਦਾ ਉਪਨਾਮ ਅੰਬਾਵਡੇਕਰ ਤੋਂ ਬਦਲ ਕੇ ਅੰਬੇਡਕਰ ਰੱਖਿਆ ਸੀ ਭਾਵੇਂ ਭੀਮ ਰਾਓ ਨੂੰ ਬਹੁਤ ਪਿਆਰ ਕਰਦਾ ਸੀ, ਇਨਸਾਨੀ ਦਰਦ ਤਹਿਤ ਉਸ ਨੂੰ ਖਾਣਾ ਵੀ ਦਿੰਦਾ ਸੀ, ਪਰ ਮਨੂੰਵਾਦੀ ਵਿਚਾਰਧਾਰਾ ਦਾ ਇੰਨਾ ਦਬਦਬਾ ਸੀ ਕਿ ਉਹ ਖਾਣਾ ਦੂਰ ਤੋਂ ਹੀ ਭੀਮ ਰਾਓ ਵੱਲ ਸੁੱਟਦਾ ਸੀ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਨ ਵਾਲੇ ਸੰਸਾਰ ਪ੍ਰਸਿੱਧ ਵਿਦਵਾਨ ਨੂੰ ਅੰਗਰੇਜ਼ੀ ਪੜ੍ਹਨ ਅਤੇ ਬੋਲਣ ਦੀ ਮੁਹਾਰਤ ਆਪਣੇ ਪਿਤਾ ਤੋਂ ਮਿਲੀ। ਛੂਆ-ਛਾਤ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਸਨ ਕਿ ਉਹਨਾਂ ਨੂੰ ਭਰਾ ਸਮੇਤ ਸਕੂਲ਼ ਵਿੱਚ ਸੰਸਕ੍ਰਿਤ ਪੜ੍ਹਨ ਹੀ ਨਹੀਂ ਦਿੱਤੀ ਗਈ ਅਤੇ ਉਹਨਾਂ ਨੂੰ ਆਪਸ਼ਨਲ ਵਿਸ਼ਾ ਫ਼ਾਰਸੀ ਪੜ੍ਹਨਾ ਪਿਆ। ਬਦਕਿਸਮਤੀ ਨਾਲ 2 ਫਰਵਰੀ, 1913 ਨੂੰ ਸੂਬੇਦਾਰ ਰਾਮ ਜੀ ਦਾ ਦੇਹਾਂਤ ਹੋ ਗਿਆ। ਉਹਨਾਂ ਨੇ ਭੀਮ ਰਾਓ ਨੂੰ ਬੀ.ਏ. ਕਰਾਉਣ ਤੱਕ ਸਿਤਾਰੇ ਦੀ ਤਰ੍ਹਾਂ ਚਮਕਣ, ਸਵੈਮਾਣ, ਇੱਜ਼ਤ ਅਤੇ ਦਲਿਤ ਉਥਾਨ ਪ੍ਰਤੀ ਜਜ਼ਬਾ ਕੁੱਟ-ਕੁੱਟ ਕੇ ਭਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। 1913-17 ਦੌਰਾਨ ਜਦੋਂ ਅਮਰੀਕਾ ਵਿੱਚ ਗਦਰ ਪਾਰਟੀ ਦੇ ਸਿਪਾਹੀ ਭਾਰਤ ਨੂੰ ਅਜ਼ਾਦ ਕਰਾਉਣ ਲਈ ਸੰਘਰਸ਼ ਕਰ ਰਹੇ ਸਨ, ਦੂਸਰੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਅਤੇ ਅੰਗਰੇਜ਼ਾਂ ਦੇ ਇਸ ਵਿੱਚ ਰੁੱਝੇ ਹੋਣ ਕਾਰਨ, ਅੰਗਰੇਜ਼ਾਂ ਨੂੰ ਸੰਘਰਸ਼ ਰਾਹੀਂ ਭਾਰਤ ਵਿੱਚੋਂ ਬਾਹਰ ਕੱਢਣ ਲਈ ਆਪਣੇ ਦੇਸ਼ ਵੱਲ ਵਹੀਰਾਂ ਘੱਤ ਰਹੇ ਸਨ ਤਾਂ ਉਸ ਸਮੇਂ ਬਾਬਾ ਸਾਹਿਬ ਉੱਥੇ ਅਰਥ ਸ਼ਾਸਤਰ ਦੀ ਪੜ੍ਹਾਈ ਕਰਨ ਵਿੱਚ ਮਗਨ ਸਨ। ਲਾਲਾ ਲਾਜਪਤ ਰਾਏ ਉਹਨਾਂ ਨੂੰ ਉੱਥੇ ਮਿਲੇ, ਪਰ ਬਾਬਾ ਸਾਹਿਬ ਦੇ ਮਨ ਵਿੱਚ ਤਾਂ ਭਾਰਤ ਦੇ ਬਹੁਜਨਾਂ ਨੂੰ ਦੂਹਰੀ ਗ਼ੁਲਾਮੀ ਤੋਂ ਮੁਕਤ ਕਰਾਉਣ ਦਾ ਸੰਘਰਸ਼ ਰਿੱਝ-ਪੱਕ ਰਿਹਾ ਸੀ। 1916 ਵਿੱਚ ਉਹਨਾਂ ਨੇ "ਨੈਸ਼ਨਲ ਡਿਵੀਡੈਂਡ ਆਫ ਇੰਡੀਆ" ਥੀਸਜ਼ ਪੀ.ਐੱਚ.ਡੀ. ਦੀ ਡਿਗਰੀ ਲਈ ਦਰਜ ਕਰਵਾਇਆ।

ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਜਿਸ ਨੇ ਪਿਛਲੇ ਸਾਲਾਂ ਵਿੱਚ ਆਪਣੇ 300 ਸਾਲ ਦੇ ਰਿਕਾਰਡ 'ਚੋਂ ਡਾ. ਅੰਬੇਡਕਰ ਨੂੰ "ਸਰਵੋਤਮ ਵਿਦਿਆਰਥੀ" ਐਲਾਨਿਆ, ਨੂੰ ਜਦੋਂ ਮਹਾਰਾਜਾ ਬੜੌਦਾ ਦੀ ਰਿਆਸਤ ਵਿੱਚ ਕਲਾਸ ਵਨ ਅਫ਼ਸਰ ਦੀ ਨੌਕਰੀ ਮਿਲੀ ਸੀ ਤਾਂ ਉਹਨਾਂ ਨੂੰ ਕਿਰਾਏ 'ਤੇ ਰਹਿਣ ਲਈ ਨੀਵੀਂ ਜਾਤ ਦਾ ਹੋਣ ਕਰਕੇ ਕਮਰਾ ਨਹੀਂ ਸੀ ਮਿਲ ਰਿਹਾ। ਹਾਲਾਤ ਦੇ ਮਾਰੇ ਉਹ ਇੱਕ ਪਾਰਸੀ ਧਰਮਸ਼ਾਲਾ ਵਿੱਚ ਠਹਿਰ ਤਾਂ ਗਏ, ਪਰ ਜਦੋਂ ਪਾਰਸੀ ਧਰਮਸ਼ਾਲਾ ਵਿੱਚ ਰਹਿ ਰਹੇ ਦੂਜੇ ਪਾਰਸੀ ਲੋਕਾਂ ਨੂੰ ਪਤਾ ਚੱਲਿਆ ਕਿ ਇੱਕ ਅਛੂਤ ਇਸ ਧਰਮਸ਼ਾਲਾ ਵਿੱਚ ਰਹਿ ਰਿਹਾ ਹੈ ਤਾਂ ਉਹ ਡਾਂਗਾਂ ਲੈ ਕੇ ਬਾਬਾ ਸਾਹਿਬ 'ਤੇ ਹਮਲਾ ਕਰਨ ਲਈ ਆ ਗਏ ਕਿ ਤੁਸਾਂ ਸਾਡਾ ਧਰਮ ਭ੍ਰਸ਼ਟ ਕਰ ਦਿੱਤਾ ਹੈ। ਉਨ੍ਹਾਂ ਨੇ ਛੇਤੀ ਹੀ ਉਹ ਧਰਮਸ਼ਾਲਾ ਖ਼ਾਲੀ ਕਰਨੀ ਮੁਨਾਸਿਬ ਸਮਝੀ। ਇਹ ਹਾਲਤ ਸੀ ਸਾਡੇ ਦੇਸ਼ ਦੀ। ਜੇਕਰ ਇਸ ਤਰ੍ਹਾਂ ਦੇ ਹਲਾਤਾਂ ਵਿੱਚੋਂ ਕਿਸੇ ਹੋਰ ਨੂੰ ਗੁਜ਼ਰਨਾ ਪੈਂਦਾ ਤਾਂ ਪਤਾ ਨਹੀਂ ਕਦੋਂ ਦਾ ਖ਼ਤਮ ਹੋ ਗਿਆ ਹੁੰਦਾ। ਇਹ ਗੱਲ ਬਾਬਾ ਸਾਹਿਬ ਅਕਸਰ ਕਿਹਾ ਕਰਦੇ ਸਨ। ਇਹ ਉਹਨਾਂ ਦੀ ਜ਼ਿੰਦਾਦਿਲੀ ਸੀ, ਜੋ ਇਸ ਤਰ੍ਹਾਂ ਦੇ ਮਾਹੌਲ ਵਿੱਚ ਵੀ ਡੋਲੇ ਨਹੀਂ, ਘਬਰਾਏ ਨਹੀਂ। ਕਰੋੜਾਂ ਅਛੂਤਾਂ ਲਈ ਇਕੱਲੇ ਲੜਦੇ ਰਹੇ।

ਮੀਡੀਏ ਦੀ ਮਹੱਤਤਾ ਤੋਂ ਜਾਣੂ ਹੋਣ ਕਰਕੇ ਡਾ. ਅੰਬੇਡਕਰ ਨੇ ਕੋਹਲਾਪੁਰ ਦੇ ਮਹਾਰਾਜਾ ਸ਼ਾਹੂ ਜੀ ਮਹਾਰਾਜ ਦੀ ਮਦਦ ਨਾਲ ਜਨਵਰੀ, 1920 ਵਿੱਚ 'ਮੂਕ ਨਾਇਕ' ਨਾਂਅ ਦਾ ਪੰਦਰਾਂ ਰੋਜ਼ਾ ਅਖ਼ਬਾਰ ਸ਼ੁਰੂ ਕੀਤਾ। ਰਸਾਲੇ ਦੇ ਪਲੇਠੇ ਅੰਕ ਵਿੱਚ ਚਰਚਾ ਕਰਦੇ ਹੋਏ ਉਹਨਾਂ ਨੇ ਲਿਖਿਆ ਸੀ ਕਿ ਹਿੰਦੂ ਸਮਾਜ ਇੱਕ ਅਜਿਹਾ ਮੀਨਾਰ ਹੈ, ਜੋ ਹੈ ਤਾਂ ਕਈ ਮੰਜ਼ਿਲਾ ਵਾਲਾ, ਪਰ ਉਸ ਨੂੰ ਨਾ ਤਾਂ ਕੋਈ ਪੌੜੀ ਹੈ ਅਤੇ ਨਾ ਹੀ ਕੋਈ ਦਰਵਾਜ਼ਾ। ਜੋ ਵੀ ਕੋਈ ਜਿਸ ਮੰਜ਼ਲ 'ਤੇ ਪੈਦਾ ਹੋਇਆ, ਉਹ ਉਸ ਵਿੱਚ ਹੀ ਮਰ ਜਾਵੇਗਾ। ਇਸ ਲਈ ਉਹਨਾਂ ਦੀਆਂ ਲਿਖਤਾਂ ਦਾ ਅਧਿਐਨ ਕਰਦਿਆਂ ਤਾਂ ਲਗਦਾ ਹੈ ਕਿ ਉਹਨਾਂ ਦਾ ਅਸਲ ਮੁੱਦਾ ਭਾਰਤ ਨੂੰ ਕੇਵਲ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਕਰਾਉਣਾ ਹੀ ਨਹੀਂ ਸੀ, ਸਗੋਂ ਉਹ ਧਾਰਮਿਕ, ਰਾਜਨੀਤਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਦਲਿਤ ਸਮਾਜ ਨੂੰ ਬਿਲਕੁਲ ਮੁਕਤ ਕਰਾਉਣਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਵਰਾਜ ਬਾਰੇ ਚਰਚਾ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਤੋਂ ਪਹਿਲਾਂ ਕਿ ਸਵਰਨ ਸਵਰਾਜ ਦੀ ਮੰਗ ਕਰਨ, ਉਹਨਾਂ ਨੂੰ ਅਛੂਤ ਜੋ ਕਿ ਇੱਕੋ ਹੀ ਤਰ੍ਹਾਂ ਦੇ ਧਾਰਮਿਕ ਰੀਤੀ-ਰਿਵਾਜਾਂ ਦੇ ਧਾਰਨੀ ਹਨ, ਨੂੰ ਸਮਾਜਿਕ ਬਰਾਬਰੀ ਦਾ ਅਧਿਕਾਰ ਦੇਣਾ ਚਾਹੀਦਾ ਹੈ।

1920-23 ਤੱਕ ਉਹਨਾਂ ਨੇ ਲੰਡਨ ਸਕੂਲ਼ ਆਫ ਇਕਨਾਮਿਕਸ ਤੋਂ "ਐੱਮ.ਐੱਸ.ਸੀ., ਡੀ.ਐੱਸ.ਸੀ. ਅਤੇ ਕਾਨੂੰਨ ਦੀ ਉੱਚ ਪੱਧਰ ਦੀ ਡਿਗਰੀ ਹਾਸਲ ਕੀਤੀ। ਪ੍ਰਸਿੱਧ ਲੇਖਕ ਮਰਹੂਮ ਸ੍ਰੀ ਲਾਹੌਰੀ ਰਾਮ ਬਾਲੀ ਉਹਨਾਂ ਬਾਰੇ ਲਿਖਦੇ ਹਨ:

"ਸੰਸਾਰ ਭਰ ਦੇ ਇਤਿਹਾਸ ਵਿੱਚ ਅੰਬੇਡਕਰ ਵਰਗੇ ਮਹਾਂਪੁਰਸ਼ ਘੱਟ ਹੀ ਮਿਲਦੇ ਹਨ, ਜੋ ਭੁੱਖੇ ਰਹੇ ਹੋਣ, ਜੋ ਪੂਰੇ ਕੱਪੜਿਆਂ ਨੂੰ ਤਰਸੇ ਹੋਣ ਅਤੇ ਲੋੜੀਂਦੇ ਖ਼ਰਚਿਆਂ ਨੂੰ ਵਿਲਕਦੇ ਰਹੇ ਹੋਣ। ਭੁੱਖ ਲੱਗੇ ਤਾਂ ਚਾਹ ਦਾ ਇੱਕ ਪਿਆਲਾ ਪੀ ਕੇ ਹੀ ਪੇਟ ਨੂੰ ਪਰਚਾ ਦੇਣਾ, ਸਫ਼ਰ ਖ਼ਰਚ ਦੀ ਲੋੜ ਪਏ ਤਾਂ ਪੈਦਲ ਹੀ ਮੰਜ਼ਿਲਾਂ ਤੈਅ ਕਰ ਲੈਣਾ, ਖ਼ਾਹਸ਼ਾਂ ਮਾਰਨਾ, ਉਮੰਗ ਦਬਾਉਣਾ ਅਤੇ ਹਰ ਮੁਸੀਬਤ ਨੂੰ ਖਿੜੇ ਮੱਥੇ ਕੱਟ ਗੁਜ਼ਰਨਾ, ਇਹੋ ਜਿਹਾ ਸੀ ਉਸ ਸਮੇਂ ਅੰਬੇਡਕਰ ਦਾ ਜੀਵਨ ਨਿ